People's Herald

People's Herald



Rs- 160/month

# “ਇਕੁਐਲਿਟੀ ਐਂਡ ਜਸਟਿਸ”

https://www.facebook.com/profile.php?id=161037521061610

ਪਟਿਆਲਾ



“Equality and Justice”

स्वतंत्रता, समानता, भाईचारा

PATIALA On line paper 29 ਨਵੰਬਰ 2025 ਸਨਿੱਚਰਵਾਰ “ਰੋਜ਼ਾਨਾ” ਚੌਥਾ ਸਾਲ w.e.f. 15 August 2022 ਪਟਿਆਲਾ

ਮੁੱਖ ਸੰਪਾਦਕ- ਇੰਜੀ. ਹਰਦੀਪ ਸਿੰਘ ਚੁੰਬਰ | whatsapp. 91-94636-01616 | email. hardipchumber57@gmail.com | ਸਹਿ ਸੰਪਾਦਕ- ਸ਼੍ਰੀਮਤੀ ਆਸ਼ਾ ਕੁਮਾਰੀ, ਡਾ. ਜਗਤਾਰ ਸਿੰਘ

ਅੰਬੇਡਕਰਵਾਦ ਸਮਾਨਤਾ ਅਧਾਰਿਤ ਅਤੇ ਬ੍ਰਾਹਮਣਵਾਦ ਅਸਮਾਨਤਾ ਅਧਾਰਿਤ ਵਿਵਸਥਾ, ਸਮਾਨਤਾ ਸਥਾਪਿਤ ਕਰਨਾ ਹੀ ਸਾਰੀਆਂ ਬਿਮਾਰੀਆਂ ਦਾ ਇਲਾਜ ਹੈ



(Google pay91-9463601616 HARDIP SINGH STATE BANK OF INDIA ACCT NO-10566643658 . IFSC- SBIN0050773

## ਪੰਜਾਬ ਸਰਕਾਰ ਵੱਲੋਂ ਨਵਾਂ ‘ਯੂਥ ਸਕਿਲ ਮਿਸ਼ਨ’ ਐਲਾਨ

### 1 ਲੱਖ ਨੌਜਵਾਨਾਂ ਨੂੰ ਸਿਖਲਾਈ ਅਤੇ ਰੋਜ਼ਗਾਰ ਮੌਕੇ।

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 28 ਨਵੰਬਰ INTERNATIONAL PAPER, 94636 01616 hardipchumber57@gmail.com

ਪੰਜਾਬ ਸਰਕਾਰ ਨੇ ਇੱਕ ਨਵਾਂ ‘ਯੁਥ ਸਕਿਲ ਮਿਸ਼ਨ’ ਸ਼ੁਰੂ ਕੀਤਾ ਹੈ ਜਿਸਦਾ ਮਕਸਦ ਰਾਜ ਦੇ ਨੌਜਵਾਨਾਂ ਨੂੰ ਨਵੀਂ ਤਕਨੀਕੀ ਤੇ ਵਪਾਰਕ ਸਿਖਲਾਈ ਦੇਣਾ ਹੈ। ਇਸ ਵਿੱਚ IT, ਇਲੈਕਟ੍ਰਾਨਿਕਸ, ਹੈਲਥਕੇਅਰ, ਆਟੋਮੋਬਾਇਲ, ਨਵੀਨ ਉਰਜਾ ਅਤੇ ਡਿਜ਼ੀਟਲ ਮੀਡੀਆ ਸੈਕਟਰ ਸ਼ਾਮਲ ਹਨ। ਸਰਕਾਰ ਦੇ ਅਨੁਸਾਰ, ਅਗਲੇ ਇੱਕ ਸਾਲ ਦੇ ਅੰਦਰ 1 ਲੱਖ ਨੌਜਵਾਨਾਂ ਨੂੰ ਸਿੱਧੀ ਤਰ੍ਹਾਂ ਸਿਖਲਾਈ ਦਿੱਤੀ ਜਾਵੇਗੀ ਅਤੇ ਪ੍ਰਾਈਵੇਟ ਉਦਯੋਗਾਂ ਦੇ ਸਹਿਯੋਗ ਨਾਲ 35 ਹਜ਼ਾਰ ਨੂੰ ਰੋਜ਼ਗਾਰ ਵਿੱਚ ਤਬਦੀਲ ਕੀਤਾ ਜਾਵੇਗਾ। ਮਿਸ਼ਨ ਦਾ ਖਾਸ ਫੋਕਸ ਪੇਂਡੂ ਇਲਾਕਿਆਂ ਅਤੇ ਆਰਥਿਕ ਤੌਰ ‘ਤੇ ਕਮਜ਼ੋਰ ਵਰਗਾਂ ਤੇ ਹੈ। ਹੋਰ ਮਹੱਤਵਪੂਰਣ ਗੱਲ ਇਹ ਹੈ ਕਿ ਸਰਕਾਰ ਨੇ 120 ਸੈਂਟਰਾਂ ਨੂੰ ਅਪਗ੍ਰੇਡ ਕਰਨ ਦਾ ਫ਼ੈਸਲਾ ਕੀਤਾ ਹੈ। ਨੌਜਵਾਨਾਂ ਨੇ ਇਸਨੂੰ ਇੱਕ ਵੱਡਾ ਕਦਮ ਦੱਸਿਆ ਹੈ ਕਿਉਂਕਿ ਬੇਰੋਜ਼ਗਾਰੀ ਪੰਜਾਬ ਵਿੱਚ ਇੱਕ ਗੰਭੀਰ ਮਸਲਾ ਬਣਿਆ ਹੋਇਆ ਹੈ।




## ਜ਼ਿਲ੍ਹਾ ਪਰਿਸ਼ਦ ਤੇ ਬਲਾਕ ਸਮਿਤੀ ਚੋਣਾਂ 14 ਦਸੰਬਰ ਨੂੰ; ਰਾਜ ਚੋਣ ਕਮਿਸ਼ਨਰ ਵੱਲੋਂ ਚੋਣ ਪ੍ਰੋਗਰਾਮ ਜਾਰੀ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 28 ਨਵੰਬਰ INTERNATIONAL PAPER, 94636 01616 hardipchumber57@gmail.com

ਪੰਜਾਬ ’ਚ ਜ਼ਿਲ੍ਹਾ ਪਰਿਸ਼ਦ ਅਤੇ ਪੰਚਾਇਤ ਸਮਿਤੀ ਚੋਣਾਂ 14 ਦਸੰਬਰ ਨੂੰ ਐਤਵਾਰੀ ਛੁੱਟੀ ਵਾਲੇ ਦਿਨ ਹੋਣਗੀਆਂ ਅਤੇ ਚੋਣ ਨਤੀਜਾ 17 ਦਸੰਬਰ ਨੂੰ ਐਲਾਨਿਆ ਜਾਵੇਗਾ।

ਰਾਜ ਚੋਣ ਕਮਿਸ਼ਨਰ ਰਾਜ ਕਮਲ ਚੌਧਰੀ ਨੇ ਅੱਜ ਇੱਥੇ ਚੋਣ ਪ੍ਰੋਗਰਾਮ ਜਾਰੀ ਕਰ ਦਿੱਤਾ ਹੈ ਜਿਸ ਦੇ ਨਾਲ ਹੀ ਸੂਬੇ ’ਚ ਚੋਣ ਜ਼ਾਬਤਾ ਵੀ ਲਾਗੂ ਹੋ ਗਿਆ ਹੈ। ਪੰਜਾਬ ’ਚ ਜ਼ਿਲ੍ਹਾ ਪਰਿਸ਼ਦ ਅਤੇ ਪੰਚਾਇਤ ਸਮਿਤੀਆਂ ਦੀ ਆਖ਼ਰੀ ਚੋਣ 19 ਸਤੰਬਰ 2018 ਨੂੰ ਹੋਈ ਸੀ। ਪੰਜਾਬ ’ਚ 23 ਜ਼ਿਲ੍ਹਾ ਪਰਿਸ਼ਦਾਂ ਅਤੇ 154 ਪੰਚਾਇਤ ਸਮਿਤੀਆਂ ਦੀਆਂ ਚੋਣਾਂ ਹੁਣ 14 ਦਸੰਬਰ ਨੂੰ ਹੋਣਗੀਆਂ।

ਰਾਜ ਚੋਣ ਕਮਿਸ਼ਨਰ ਵੱਲੋਂ ਜਾਰੀ ਚੋਣ ਪ੍ਰੋਗਰਾਮ ਅਨੁਸਾਰ ਜ਼ਿਲ੍ਹਾ ਪਰਿਸ਼ਦ ਦੇ 357 ਜ਼ੋਨਾਂ ਤੇ ਪੰਚਾਇਤ ਸਮਿਤੀ ਦੇ 2863 ਜ਼ੋਨਾਂ ’ਚ ਵੋਟਾਂ 14 ਦਸੰਬਰ ਨੂੰ ਸਵੇਰ 8 ਵਜੇ ਤੋਂ ਸ਼ਾਮ ਚਾਰ ਵਜੇ ਤੱਕ ਪੈਣਗੀਆਂ। ਨਾਮਜ਼ਦਗੀ ਪੱਤਰ ਦਾਖਲ ਕਰਨ ਦਾ ਕੰਮ ਪਹਿਲੀ ਦਸੰਬਰ ਤੋਂ ਸ਼ੁਰੂ ਹੋਵੇਗਾ ਅਤੇ ਉਮੀਦਵਾਰ 4 ਦਸੰਬਰ ਨੂੰ ਤਿੰਨ ਵਜੇ ਤੱਕ ਕਾਗ਼ਜ਼ ਦਾਖਲ ਕਰ ਸਕਣਗੇ। ਨਾਮਜ਼ਦਗੀ ਪੱਤਰਾਂ ਦੀ ਪੜਤਾਲ 5 ਦਸੰਬਰ ਨੂੰ ਹੋਵੇਗੀ। ਨਾਮਜ਼ਦਗੀ ਪੱਤਰ 6 ਦਸੰਬਰ ਨੂੰ ਵਾਪਸ ਲਏ ਜਾ ਸਕਣਗੇ। ਉਸ ਉਪਰੰਤ ਚੋਣ ਪ੍ਰਚਾਰ ਸ਼ੁਰੂ ਹੋ ਜਾਵੇਗਾ।

ਪੰਜਾਬ ’ਚ ਇਨ੍ਹਾਂ ਚੋਣਾਂ ਲਈ 19,181 ਪੋਲਿੰਗ ਬੂਥ ਬਣਾਏ ਗਏ ਹਨ ਅਤੇ 13013 ਪੋਿਲੰਗ ਸਟੇਸ਼ਨ ਬਣਾਏ ਗਏ ਹਨ ਜਿਨ੍ਹਾਂ ਚੋਂ 915 ਅਤਿ ਸੰਵੇਦਨਸ਼ੀਲ ਐਲਾਨੇ ਗਏ ਹਨ।



ਇਨ੍ਹਾਂ ਚੋਣਾਂ ’ਚ 1.36 ਕਰੋੜ ਦਿਹਾਤੀ ਵੋਟਰ ਆਪਣੇ ਸਿਆਸੀ ਹੱਕ ਦਾ ਇਸਤੇਮਾਲ ਕਰ ਸਕਣਗੇ। ਚੋਣ ਅਮਲੇ ਦੇ ਕਰੀਬ 96 ਹਜ਼ਾਰ ਮੁਲਾਜ਼ਮ ਡਿਊਟੀ ’ਤੇ ਤਾਇਨਾਤ ਹੋਣਗੇ ਅਤੇ 50 ਹਜ਼ਾਰ ਪੁਲੀਸ ਮੁਲਾਜ਼ਮਾਂ ਦੀ ਤਾਇਨਾਤੀ ਹੋਵੇਗੀ।

## ਪੰਜਾਬ ਕੈਬਨਿਟ ‘ਚ ਅਹਿਮ ਫੈਸਲਿਆਂ ‘ਤੇ ਲੱਗੀ ਮੋਹਰ, ਵਿੱਤ ਮੰਤਰੀ ਹਰਪਾਲ ਚੀਮਾ ਨੇ ਦਿੱਤੀ ਜਾਣਕਾਰੀ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 28 ਨਵੰਬਰ INTERNATIONAL PAPER, 94636 01616 hardipchumber57@gmail.com

ਪੰਜਾਬ ਵਿੱਚ ਕੰਮ ਕਰ ਰਹੀਆਂ ਸੁਸਾਇਟੀਆਂ ਅਤੇ ਟਰੱਸਟਾਂ ਦਾ ਸਾਲਾਨਾ ਆਡਿਟ ਹੋਵੇਗਾ। ਉਨ੍ਹਾਂ ਦੇ ਵਿੱਤ ਦੀ ਨਿਗਰਾਨੀ ਲਈ ਪ੍ਰਬੰਧਕ ਨਿਯੁਕਤ ਕੀਤੇ ਜਾਣਗੇ। ਇਸ ਲਈ ਪੰਜਾਬ ਸਰਕਾਰ ਨੇ ਸੁਸਾਇਟੀ ਐਕਟ ਵਿੱਚ ਸੋਧ ਕੀਤੀ ਹੈ, ਜਿਸਨੂੰ ਅੱਜ ਸ਼ੁੱਕਰਵਾਰ ਦੀ ਕੈਬਨਿਟ ਮੀਟਿੰਗ ਵਿੱਚ ਮਨਜ਼ੂਰੀ ਦੇ ਦਿੱਤੀ ਗਈ ਸੀ।

ਕੈਬਨਿਟ ਦੇ ਫੈਸਲੇ ਦੀ ਵਿਆਖਿਆ ਕਰਦੇ ਹੋਏ, ਵਿੱਤ ਮੰਤਰੀ ਹਰਪਾਲ ਚੀਮਾ ਨੇ ਕਿਹਾ ਕਿ ਸੁਸਾਇਟੀ ਰਜਿਸਟ੍ਰੇਸ਼ਨ ਐਕਟ 1860 ਵਿੱਚ ਲਾਗੂ ਕੀਤਾ ਗਿਆ ਸੀ। ਇਸ ਦੇ ਤਹਿਤ, ਲੋਕ ਆਪਣੀਆਂ ਸੁਸਾਇਟੀਆਂ ਜਾਂ ਟਰੱਸਟਾਂ ਨੂੰ ਰਜਿਸਟਰ ਕਰਦੇ ਸਨ ਅਤੇ ਫਿਰ ਉਨ੍ਹਾਂ ਨੂੰ ਲੀਜ਼ ‘ਤੇ ਦਿੰਦੇ ਸਨ ਜਾਂ ਵੇਚਦੇ ਸਨ। ਇਸਦੀ ਅਕਸਰ ਦੁਰਵਰਤੋਂ ਹੁੰਦੀ ਸੀ।

ਇਸ ਲਈ, ਰਜਿਸਟਰਾਰ ਸੁਸਾਇਟੀਆਂ ਰਾਹੀਂ ਇਸਦਾ ਆਡਿਟ ਕਰੇਗਾ। ਇਸ ਨਾਲ ਸੁਸਾਇਟੀਆਂ ਦਾ ਕੰਮ ਸਰਲ ਹੋਵੇਗਾ। ਉਨ੍ਹਾਂ ਅੱਗੇ ਕਿਹਾ ਕਿ ਇਹ 1860 ਤੋਂ ਬਾਅਦ ਪਹਿਲੀ ਸੋਧ ਹੈ। ਇਸ ਨਾਲ ਲੋਕਾਂ ਨਾਲ ਧੋਖਾਧੜੀ ਨੂੰ ਰੋਕਿਆ ਜਾਵੇਗਾ।

ਵਿੱਤ ਮੰਤਰੀ ਚੀਮਾ ਨੇ ਕਿਹਾ ਕਿ ਮਾਈਨਿੰਗ ਵਿਭਾਗ ਵਿੱਚ ਪਾਰਦਰਸ਼ਤਾ ਲਿਆਂਦੀ ਜਾਵੇਗੀ। ਬੇਨਿਯਮੀਆਂ ਨੂੰ ਦੂਰ ਕਰਨ ਲਈ ਇੱਕ ਅਥਾਰਟੀ ਸਥਾਪਤ ਕੀਤੀ ਜਾਵੇਗੀ। ਮਾਈਨਿੰਗ ਵਾਹਨਾਂ ‘ਤੇ GPS ਲਗਾਇਆ ਜਾਵੇਗਾ। ਇਹ ਲਾਜ਼ਮੀ ਹੋਵੇਗਾ। ਇਸ ਨਾਲ ਵਾਹਨ ਟਰੈਕਿੰਗ ਦੀ ਆਗਿਆ ਮਿਲੇਗੀ। ਇਸ ਰਾਹੀਂ, ਸਰਕਾਰ ਗੈਰ-ਕਾਨੂੰਨੀ ਮਾਈਨਿੰਗ ਨੂੰ ਰੋਕੇਗੀ।

ਸਹਿਕਾਰੀ ਵਿਭਾਗ ਦੇ ਅੰਦਰ ਸ਼ਕਤੀਆਂ ਵੰਡੀਆਂ ਗਈਆਂ ਹਨ, ਵੱਖ-ਵੱਖ ਅਧਿਕਾਰੀਆਂ ਨੂੰ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ ਹਨ। ਪਹਿਲਾਂ ਇੱਕ ਅਧਿਕਾਰੀ ਦੋ ਕੰਮ ਕਰਦਾ ਸੀ। ਉਹ ਦੋਵਾਂ ਪੱਧਰਾਂ ‘ਤੇ ਸੁਣਵਾਈਆਂ ਕਰਦਾ ਸੀ। ਇਸ ਨਾਲ ਲੋਕਾਂ ਵਿੱਚ ਨਾਰਾਜ਼ਗੀ ਪੈਦਾ ਹੁੰਦੀ ਸੀ।

ਪੰਜਾਬ ਦੇ ਖਰੀਦ ਨਿਯਮਾਂ ਵਿੱਚ ਸੋਧ ਕੀਤੀ ਗਈ ਹੈ। ਪਹਿਲਾਂ 2.50 ਲੱਖ ਰੁਪਏ ਦਾ ਸਮਾਨ ਬਿਨਾਂ ਟੈਂਡਰ ਦੇ ਖਰੀਦਿਆ ਜਾ ਸਕਦਾ ਸੀ। ਹੁਣ 5 ਲੱਖ ਰੁਪਏ ਤੱਕ ਦਾ ਸਮਾਨ ਬਿਨਾਂ ਟੈਂਡਰ ਦੇ ਖਰੀਦਿਆ ਜਾ ਸਕਦਾ ਹੈ। ਇਸ ਨਾਲ



ਵਿਭਾਗ ਦਾ ਕੰਮ ਤੇਜ਼ ਹੋਵੇਗਾ। ਇਸ ਨਾਲ ਖਰੀਦ ਪ੍ਰਕਿਰਿਆ ਸੌਖੀ ਹੋਵੇਗੀ।

ਚੀਮਾ ਨੇ ਕਿਹਾ – ਸਰਹੱਦੀ ਖੇਤਰਾਂ ਵਿੱਚ ਆਪਣੀਆਂ ਸੇਵਾਵਾਂ ਦੇਣ ਵਾਲੇ ਅਧਿਆਪਕਾਂ ਅਤੇ ਡਾਕਟਰਾਂ ਨੂੰ ਵਿਸ਼ੇਸ਼ ਪ੍ਰੋਤਸਾਹਨ ਦਿੱਤੇ ਜਾਣਗੇ। ਇਸ ਲਈ ਮੁੱਖ ਮੰਤਰੀ ਮਾਨ ਨੇ ਅਧਿਕਾਰੀਆਂ ਨੂੰ ਇੱਕ ਪ੍ਰਸਤਾਵ ਤਿਆਰ ਕਰਨ ਲਈ ਕਿਹਾ ਹੈ। ਇਹ ਸੱਤ ਜ਼ਿਲ੍ਹਿਆਂ ਲਈ ਇੱਕ ਨੀਤੀ ਹੋਵੇਗੀ। ਇਸ ਲਈ ਅਗਲੀ ਕੈਬਨਿਟ ਮੀਟਿੰਗ ਵਿੱਚ ਇੱਕ ਪ੍ਰਸਤਾਵ ਲਿਆਂਦਾ ਜਾਵੇਗਾ।

## ਤਰਨ ਤਾਰਨ ਉਪ ਚੋਣ ਸਮੇਂ ਚਰਚਿਤ ਚਿਹਰਾ ਰਹੀ ਸ਼੍ਰੋਮਣੀ ਅਕਾਲੀ ਦਲ ਦੀ ਮਹਿਲਾ ਆਗੂ ਕੰਚਨਪ੍ਰੀਤ ਕੌਰਕੰਚਨਪ੍ਰੀਤ ਕੌਰ ਗ੍ਰਿਫ਼ਤਾਰ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 28 ਨਵੰਬਰ INTERNATIONAL PAPER, 94636 01616 hardipchumber57@gmail.com

ਤਰਨ ਤਾਰਨ ਉਪ ਚੋਣ ਸਮੇਂ ਚਰਚਿਤ ਚਿਹਰਾ ਰਹੀ ਸ਼੍ਰੋਮਣੀ ਅਕਾਲੀ ਦਲ ਦੀ ਮਹਿਲਾ ਆਗੂ ਕੰਚਨਪ੍ਰੀਤ ਕੌਰ ਨੂੰ ਅੱਜ ਝਬਾਲ ਥਾਣੇ ਦੀ ਪੁਲੀਸ ਨੇ ਗ੍ਰਿਫ਼ਤਾਰ ਕਰ ਲਿਆ ਹੈ। ਕੰਚਨਪ੍ਰੀਤ ਕੌਰ ਦੀ ਮਾਤਾ ਸੁਖਵਿੰਦਰ ਕੌਰ ਨੇ ਬਤੌਰ ਅਕਾਲੀ ਉਮੀਦਵਾਰ ਤਰਨ ਤਾਰਨ ਦੀ ਉਪ ਚੋਣ ਲੜੀ ਸੀ ਜਿਸ ’ਚ ਉਹ ਚੋਣ ਹਾਰ ਗਏ ਸਨ। ਵੇਰਵਿਆਂ ਅਨੁਸਾਰ ਕੰਚਨਪ੍ਰੀਤ ਕੌਰ ਅਦਾਲਤੀ ਹੁਕਮਾਂ ’ਤੇ ਅੱਜ ਥਾਣਾ ਮਜੀਠਾ ’ਚ ਦਰਜ ਇੱਕ ਮਾਮਲੇ ਨੂੰ ਲੈ ਕੇ ਪੁਲੀਸ ਤਫ਼ਤੀਸ਼ ’ਚ ਸ਼ਾਮਲ ਹੋਈ ਸੀ।

ਵੇਰਵਿਆਂ ਅਨੁਸਾਰ ਮਜੀਠਾ ਪੁਲੀਸ ਨੇ 12 ਨਵੰਬਰ ਨੂੰ ਦਰਜ ਕੇਸ ਦੇ ਸਬੰਧ ’ਚ ਕੰਚਨਪ੍ਰੀਤ ਕੌਰ ਤੋਂ ਕਈ ਘੰਟੇ ਪੁੱਛਗਿੱਛ ਕੀਤੀ ਅਤੇ ਉਸ ਮਗਰੋਂ ਹੀ ਝਬਾਲ ਪੁਲੀਸ ਨੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ। ਪਤਾ ਲੱਗਿਆ ਹੈ ਕਿ ਝਬਾਲ ਪੁਲੀਸ ਵੱਲੋਂ ਕੰਚਨਪ੍ਰੀਤ ਕੌਰ ਨੂੰ 11 ਨਵੰਬਰ ਨੂੰ ਦਰਜ ਇੱਕ ਕੇਸ ’ਚ ਨਾਮਜ਼ਦ ਕੀਤਾ ਗਿਆ ਹੈ ਜਿਸ ’ਚ ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਹੁਣ ਤੱਕ ਕੰਚਨਪ੍ਰੀਤ ਕੌਰ ‘ਤੇ ਪੰਜ ਕੇਸ ਦਰਜ ਹੋ ਚੁੱਕੇ ਹਨ।

ਤਰਨ ਤਾਰਨ ਉਪ ਚੋਣ ਦੌਰਾਨ ਹੀ ਕੰਚਨਪ੍ਰੀਤ ਕੌਰ ਰੂਪੋਸ਼ ਹੋ ਗਈ ਸੀ। ਸੂਤਰ ਦੱਸਦੇ ਹਨ ਕਿ ਉਹ ਰੂਪੋਸ਼ੀ



ਦੌਰਾਨ ਦਿੱਲੀ ਵਿਚ ਰਹੀ। ਚਰਚੇ ਰਹੇ ਸਨ ਕਿ ਕੰਚਨਪ੍ਰੀਤ ਕੌਰ ਨੇਪਾਲ ਰਸਤੇ ਵਿਦੇਸ਼ ਚਲੀ ਗਈ ਹੈ ਪ੍ਰੰਤੂ ਅੱਜ ਉਨ੍ਹਾਂ ਦੀ ਗ੍ਰਿਫ਼ਤਾਰੀ ਨੇ ਸਭ ਅਟਕਲਾਂ ਨੂੰ ਵਿਰਾਮ ਦੇ ਦਿੱਤਾ ਹੈ।

## ਪ੍ਰੀਖਿਆ ਕੇਂਦਰਾਂ ਦੇ 100 ਮੀਟਰ ਦੇ ਅੰਦਰ ਪੰਜ ਜਾਂ ਉਸ ਤੋਂ ਵੱਧ ਲੋਕਾਂ ਦੇ ਇਕੱਠੇ ਹੋਣ ਤੇ ਪਾਬੰਦੀ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 28 ਨਵੰਬਰ INTERNATIONAL PAPER, 94636 01616 hardipchumber57@gmail.com

ਲੁਧਿਆਣਾ, 28 ਨਵੰਬਰ 2025

ਜਿਲ੍ਹਾ ਮੈਜਿਸਟਰੇਟ (DM) ਹਿਮਾਂਸ਼ੂ ਜੈਨ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ, 2023 ਦੇ ਧਾਰਾ 163 ਦੇ ਅਧਿਕਾਰਾਂ ਦੀ ਵਰਤੋਂ ਕਰਦਿਆਂ, ਨਿਮਨਲਿਖਤ ਨੌਂ ਪ੍ਰੀਖਿਆ ਕੇਂਦਰਾਂ ਦੇ 100 ਮੀਟਰ ਦੇ ਦਾਇਰੇ ਵਿੱਚ ਪੰਜ ਜਾਂ ਉਸ ਤੋਂ ਵੱਧ ਵਿਅਕਤੀਆਂ (ਪ੍ਰੀਖਿਆ ਦੇ ਉਮੀਦਵਾਰਾਂ, ਅਧਿਕਾਰਤ ਨਿਗਰਾਨਾਂ, ਨਿਗਰਾਨੀ ਸਟਾਫ ਅਤੇ ਡਿਊਟੀ ‘ਤੇ ਮੌਜੂਦ ਅਧਿਕਾਰੀਆਂ ਨੂੰ ਛੱਡ ਕੇ) ਦੇ ਇਕੱਠ ਨੂੰ ਮਨਾਹੀ ਕਰ ਦਿੱਤਾ ਹੈ। ਇਹ ਪ੍ਰੀਖਿਆ 30 ਨਵੰਬਰ 2025 ਨੂੰ ਸਵੇਰੇ 6 ਵਜੇ ਤੋਂ ਸ਼ਾਮ 8 ਵਜੇ ਤੱਕ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ (UPSC) ਦੁਆਰਾ ਇਨਫੋਰਸਮੈਂਟ ਅਧਿਕਾਰੀ / ਅਕਾਉਂਟਸ ਅਧਿਕਾਰੀ (EPFO) ਅਤੇ ਸਹਾਇਕ ਪ੍ਰੋਵੀਡੈਂਟ ਫੰਡ ਕਮਿਸ਼ਨਰ (APFC) ਲਈ ਕੀਤੀ ਜਾਵੇਗੀ।

ਐਵੇਂ ਤਾਂ ਨੀ ਸਿਰਾਂ ਦੇ ਉੱਤੇ ਤਾਜ ਸਜ਼ਦੇ, ਮਿਹਨਤਾਂ ਹੀ, ਜ਼ਿੰਦਗੀ ਚ ਰੰਗ ਲਾਉਂਦੀਆਂ।
ਸੁੱਤਿਆਂ ਦੇ ਸਿਰਾਂ ਤੇ ਨੀ ਤਾਜ ਸਜ਼ਦੇ, ਮਿਹਨਤਾਂ ਹੀ, ਜ਼ਿੰਦਗੀ ਚ ਰੰਗ ਲਾਉਂਦੀਆਂ।
ਜਿਹਨਾਂ ਦਿਆਂ ਸਿਰਾਂ ਤੇ ਜਨੂੰਨ ਬੋਲਦਾ, ਰਾਤਾਂ ਨੂੰ ਨਾਂ, ਉਹਨਾਂ ਨੂੰ ਨੀਂਦਾਂ ਆਉਂਦੀਆਂ।

# ਰੋਡਵੇਜ਼ ਕਰਮਚਾਰੀ ਵੱਲੋਂ ਖੁਦ 'ਤੇ ਪੈਟਰੋਲ ਪਾ ਕੇ ਅੱਗ ਲਾਉਣ ਦੀ ਕੋਸ਼ਿਸ਼, ਬਚਾਉਂਦਿਆਂ SHO ਝੁਲਸਿਆ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 28 ਨਵੰਬਰ
INTERNATIONAL PAPER, 94636 01616
hardipchumber57@gmail.com

ਪੰਜਾਬ ਵਿੱਚ ਰੋਡਵੇਜ਼ ਕਰਮਚਾਰੀ ਅੱਜ (28 ਨਵੰਬਰ) ਹੜਤਾਲ 'ਤੇ ਹਨ। ਇਸ ਦੌਰਾਨ, ਪੂਰੇ ਸੂਬੇ ਵਿੱਚ ਬਵਾਲ ਮੱਚਿਆ ਹੋਇਆ ਹੈ। ਸੰਗਰੂਰ ਵਿੱਚ ਇੱਕ ਕਰਮਚਾਰੀ ਨੇ ਆਪਣੇ ਆਪ 'ਤੇ ਪੈਟਰੋਲ ਪਾ ਕੇ ਅੱਗ ਲਗਾਉਣ ਦੀ ਕੋਸ਼ਿਸ਼ ਕੀਤੀ। ਉਸਨੂੰ ਰੋਕਣ ਦੀ ਕੋਸ਼ਿਸ਼ ਕਰਦੇ ਹੋਏ, ਧੂਰੀ ਦੇ ਐਸਐਚਓ ਝੁਲਸ ਗਏ। ਉਸਨੂੰ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ।

ਲੁਧਿਆਣਾ ਵਿੱਚ, ਇੱਕ ਰੋਡਵੇਜ਼ ਕਰਮਚਾਰੀ ਬੱਸ ਸਟੈਂਡ 'ਤੇ ਪਾਣੀ ਦੀ ਟੈਂਕੀ 'ਤੇ ਚੜ੍ਹ ਗਿਆ। ਪੁਲਿਸ ਨੇ ਕਰਮਚਾਰੀਆਂ ਨੂੰ ਉੱਥੋਂ ਹਟਾਉਣ ਦੀ ਕੋਸ਼ਿਸ਼ ਕੀਤੀ, ਜਿਸ ਤੋਂ ਬਾਅਦ ਉਨ੍ਹਾਂ ਅਤੇ ਪੁਲਿਸ ਵਿਚਕਾਰ ਝੜਪ ਹੋ ਗਈ।



# ਪਾਕਿਸਤਾਨ 'ਚ ਇੱਕ ਮੁੱਖ ਮੰਤਰੀ ਨੂੰ ਸੜਕ 'ਤੇ ਸੁੱਟ ਕੇ ਕੁੱਟਿਆ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 28 ਨਵੰਬਰ
INTERNATIONAL PAPER, 94636 01616
hardipchumber57@gmail.com

ਪੁਲਿਸ ਨੇ ਪਾਕਿਸਤਾਨ ਦੇ ਖੈਬਰ-ਪਖਤੂਨਖਵਾ ਰਾਜ ਦੇ ਮੁੱਖ ਮੰਤਰੀ ਸੋਹੇਲ ਅਫਰੀਦੀ ਨੂੰ ਸੜਕ 'ਤੇ ਸੁੱਟ ਕੇ ਕੁੱਟਿਆ। ਉਹ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਦੇ ਸਮਰਥਨ ਵਿੱਚ ਵਿਰੋਧ ਕਰਨ ਲਈ ਰਾਵਲਪਿੰਡੀ ਦੀ ਅਡਿਆਲਾ ਜੇਲ੍ਹ ਪਹੁੰਚੇ ਸੀ।



ਰਿਪੋਰਟਾਂ ਅਨੁਸਾਰ, ਇਹ ਕਾਰਵਾਈ ਫੌਜ ਦੇ ਨਿਰਦੇਸ਼ਾਂ 'ਤੇ ਕੀਤੀ ਗਈ। ਸੋਹੇਲ ਅਫਰੀਦੀ ਆਪਣੇ ਕਈ ਪੀਟੀਆਈ ਵਿਧਾਇਕਾਂ ਅਤੇ ਸਮਰਥਕਾਂ ਦੇ ਨਾਲ ਅਡਿਆਲਾ ਜੇਲ੍ਹ ਦੇ ਬਾਹਰ ਪਹੁੰਚੇ ਹੋਏ ਸਨ।

ਜੇਲ੍ਹ ਦੇ ਬਾਹਰ ਭਾਰੀ ਸੁਰੱਖਿਆ ਤਾਇਨਾਤ ਕੀਤੀ ਗਈ ਸੀ ਅਤੇ ਪੀਟੀਆਈ ਸਮਰਥਕਾਂ ਦੀ ਭੀੜ ਲਗਾਤਾਰ ਵੱਧ ਰਹੀ ਸੀ। ਜਦੋਂ ਕੇਪੀ ਦੇ ਮੁੱਖ ਮੰਤਰੀ ਅਫਰੀਦੀ ਖੁਦ ਜੇਲ੍ਹ ਪਹੁੰਚੇ, ਤਾਂ ਸਥਿਤੀ ਵਿਗੜ ਗਈ।

ਪੁਲਿਸ ਨੇ ਉਨ੍ਹਾਂ ਨੂੰ ਅਤੇ ਉਨ੍ਹਾਂ ਦੇ ਨਾਲ ਆਏ ਆਗੂਆਂ ਨੂੰ ਅੱਗੇ ਵਧਣ ਤੋਂ ਰੋਕ ਦਿੱਤਾ। ਝੜਪ ਦੌਰਾਨ, ਪੁਲਿਸ ਵਾਲਿਆਂ ਨੇ ਮੁੱਖ ਮੰਤਰੀ ਨੂੰ ਲੱਤਾਂ ਅਤੇ ਮੁੱਕੇ ਵੀ ਮਾਰੇ ਅਤੇ ਉਨ੍ਹਾਂ ਨੂੰ ਜ਼ਮੀਨ 'ਤੇ ਸੁੱਟ ਦਿੱਤਾ। ਪੀਟੀਆਈ ਨੇ ਇਸ ਘਟਨਾ ਨੂੰ ਲੋਕਤੰਤਰੀ ਅਧਿਕਾਰਾਂ 'ਤੇ ਹਮਲਾ ਦੱਸਿਆ ਹੈ।

# ਅੰਮ੍ਰਿਤਸਰ ਹਵਾਈ ਅੱਡੇ ਤੋਂ ਨਵੀਂ ਅੰਤਰਰਾਸ਼ਟਰੀ ਉਡਾਣ

## ਅੰਮ੍ਰਿਤਸਰ–ਦੁਬਈ ਡਾਇਰੈਕਟ ਫਲਾਈਟ ਸ਼ੁਰੂ।

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 28 ਨਵੰਬਰ
INTERNATIONAL PAPER, 94636 01616
hardipchumber57@gmail.com

ਅੰਮ੍ਰਿਤਸਰ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਨਵੀਂ ਸਿੱਧੀ ਦੁਬਈ ਫਲਾਈਟ ਦਾ ਉਦਘਾਟਨ ਕੀਤਾ ਗਿਆ ਹੈ। ਇਸ ਨਾਲ ਕਾਰੋਬਾਰੀ ਅਤੇ ਪਰਵਾਸੀ ਪੰਜਾਬੀ ਭਾਈਚਾਰੇ




ਲਈ ਸਫ਼ਰ ਹੋਰ ਆਸਾਨ ਅਤੇ ਤੇਜ਼ ਹੋ ਜਾਵੇਗਾ। ਏਅਰਲਾਈਨ ਦੇ ਅਨੁਸਾਰ, ਇਹ ਫਲਾਈਟ ਹਫ਼ਤੇ ਵਿੱਚ 4 ਦਿਨ ਚੱਲੇਗੀ ਅਤੇ ਸਫ਼ਰ ਦਾ ਸਮਾਂ 3 ਘੰਟੇ 35 ਮਿੰਟ ਰਹੇਗਾ। ਇਸ ਨਾਲ ਸੈਰ-ਸਪਾਟਾ, ਰੋਜ਼ਗਾਰ ਅਤੇ ਕਾਰੋਬਾਰੀ ਗਤੀਵਿਧੀਆਂ ਵਿੱਚ ਵਾਧਾ ਹੋਣ ਦੀ ਸੰਭਾਵਨਾ ਹੈ। ਪੰਜਾਬ ਸਰਕਾਰ ਨੇ ਕਿਹਾ ਕਿ ਅੰਮ੍ਰਿਤਸਰ ਨੂੰ ਇੱਕ ਵੱਡਾ ਇੰਟਰਨੈਸ਼ਨਲ ਹੱਬ ਬਣਾਉਣ ਦੀ ਯੋਜਨਾ ਹੈ।

# ਵਿਦਿਆਰਥੀਆਂ ਨੇ ਵਾਈਸ ਚਾਂਸਲਰ ਦਫ਼ਤਰ ਦੇ ਗੇਟ ਖੋਲ੍ਹੇ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 28 ਨਵੰਬਰ
INTERNATIONAL PAPER, 94636 01616
hardipchumber57@gmail.com

ਚੰਡੀਗੜ੍ਹ: ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਖੇ ਵਿਦਿਆਰਥੀਆਂ ਨੇ ਧਰਨਾ ਖਤਮ ਕਰ ਦਿੱਤਾ ਹੈ। ਵਿਦਿਆਰਥੀਆ ਵੱਲੋਂ ਵਾਈਸ ਚਾਂਸਲਰ ਦਫ਼ਤਰ ਦੇ ਗੇਟ ਖੋਲ੍ਹ ਦਿੱਤੇ ਹਨ। ਦੱਸ ਦੇਈਏ ਕਿ ਬੀਤੇ ਦਿਨ ਪੰਜਾਬ ਯੂਨੀਵਰਸਿਟੀ ਸੈਨੇਟ ਚੋਣਾਂ ਦਾ ਐਲਾਨ ਕੀਤਾ ਗਿਆ ਹੈ।ਜ਼ਿਕਰਯੋਗ ਹੈ ਕਿ ਪਿਛਲੇ 28 ਦਿਨਾਂ ਤੋਂ ਪੰਜਾਬ ਯੂਨੀਵਰਿਸਟੀ ਬਚਾਓ ਮੋਰਚਾ ਚੱਲ ਰਿਹਾ ਸੀ।

# ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਵੱਲੋਂ ਪੀਆਰਟੀਸੀ ਮੁਲਾਜ਼ਮਾਂ ਨੂੰ ਗ੍ਰਿਫਤਾਰ ਕਰਨ ਦੀ ਨਿਖੇਧੀ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 28 ਨਵੰਬਰ
INTERNATIONAL PAPER, 94636 01616
hardipchumber57@gmail.com

ਬਠਿੰਡਾ, 29 ਨਵੰਬਰ 2025 : ਅੱਜ ਪੀਆਰਟੀਸੀ ਦੇ ਮੁਲਾਜ਼ਮਾਂ ਦੇ ਹੱਕੀ ਸੰਘਰਸ਼ ਨੂੰ ਕੁਚਲ ਕੇ ਉਹਨਾਂ ਨੂੰ ਗ੍ਰਿਫਤਾਰ ਕਰਨ ਦੀ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਸਖਤ ਨਿਖੇਧੀ ਕੀਤੀ ਗਈ। ਇਸ ਸਬੰਧੀ ਪ੍ਰੈਸ ਬਿਆਨ ਜਾਰੀ ਕਰਦੇ ਜ਼ਿਲ੍ਹਾ ਪ੍ਰਧਾਨ ਸ਼ਿੰਗਾਰਾ ਸਿੰਘ ਮਾਨ, ਜਨਰਲ ਸਕੱਤਰ ਹਰਜਿੰਦਰ ਸਿੰਘ ਬੱਗੀ ਅਤੇ ਪ੍ਰੈਸ ਸਕੱਤਰ ਜਸਵੀਰ ਸਿੰਘ ਬੁਰਜ ਸੇਮਾ ਨੇ ਕਿਹਾ ਕਿ ਸਰਕਾਰ ਨਿੱਜੀਕਰਨ ਦੇ ਕਦਮਾਂ ਨੂੰ ਅੱਗੇ ਵਧਾਉਂਦਿਆਂ ਹੋਇਆਂ ਪੀਆਰਟੀਸੀ ਵਿੱਚ ਕਿਲੋਮੀਟਰ ਸਕੀਮ ਅਧੀਨ ਨਿੱਜੀਕਰਨ ਦਾ ਵਧਾਰਾ ਕਰ ਰਹੀ ਹੈ। ਉਹਨਾਂ ਕਿਹਾ ਕਿ ਇਸ ਕਾਰਨ ਉਹਨਾਂ ਚ ਕੰਮ ਕਰਦੇ ਮੁਲਾਜ਼ਮਾਂ ਦਾ ਸ਼ੋਸ਼ਣ ਹੋਵੇਗਾ ਅਤੇ ਲੋਕਾਂ ਨੂੰ ਸੁੱਖ ਸਹੂਲਤਾਂ ਦੇਣ ਵਾਲੇ ਸਰਕਾਰੀ ਅਦਾਰੇ ਦਾ ਭੋਗ ਪੈ ਜਾਵੇਗਾ। ਉਹਨਾਂ ਮੰਗ ਕੀਤੀ ਕਿ ਸਰਕਾਰੀ ਆਵਾਜਾਈ ਦੇ ਸਾਧਨਾਂ ਸਮੇਤ ਸਾਰੇ ਪਬਲਿਕ ਅਦਾਰਿਆਂ ਦਾ ਨਿੱਜੀਕਰਨ ਕਰਨਾ ਬੰਦ ਕੀਤਾ ਜਾਵੇ ਤੇ ਸਾਰੇ ਅਦਾਰਿਆਂ ਵਿੱਚ ਮੁਲਾਜ਼ਮਾਂ ਦੀ ਪੱਕੀ ਭਰਤੀ ਕੀਤੀ ਜਾਵੇ। ਅੱਜ ਗ੍ਰਿਫਤਾਰ ਕੀਤੇ ਹੋਏ ਪੀਆਰਟੀਸੀ ਦੇ ਮੁਲਾਜ਼ਮਾਂ ਨੂੰ ਤੁਰੰਤ ਰਿਹਾ ਕੀਤਾ ਜਾਵੇ।

# ਡਾ. ਅੰਬੇਡਕਰ ਪੋਸਟ-ਮੈਟ੍ਰਿਕ ਸਕਾਲਰਸ਼ਿਪ ਪੋਰਟਲ 2025–26 ਲਈ 29 ਦਸੰਬਰ ਤੱਕ ਦੁਬਾਰਾ ਖੋਲ੍ਹਿਆ

## 2.70 ਲੱਖ ਐਸ.ਸੀ. ਵਿਦਿਆਰਥੀਆਂ ਨੂੰ ਲਾਭ ਪਹੁੰਚਾਉਣ ਦਾ ਸਰਕਾਰ ਦਾ ਟੀਚਾ — ਡਾ. ਬਲਜੀਤ ਕੌਰ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 28 ਨਵੰਬਰ
INTERNATIONAL PAPER, 94636 01616
hardipchumber57@gmail.com

ਪੰਜਾਬ ਸਰਕਾਰ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਅਨੁਸੂਚਿਤ ਜਾਤੀ (ਐਸ.ਸੀ.) ਦੇ ਵਿਦਿਆਰਥੀਆਂ ਲਈ ਇੱਕ ਮਹੱਤਵਪੂਰਣ ਕਦਮ ਚੁੱਕਦੇ ਹੋਏ ਡਾ. ਬੀ.ਆਰ. ਅੰਬੇਡਕਰ ਪੋਸਟ–ਮੈਟ੍ਰਿਕ ਸਕਾਲਰਸ਼ਿਪ ਪੋਰਟਲ ਨੂੰ ਅਕਾਦਮਿਕ ਸਾਲ 2025–26 ਲਈ 29 ਦਸੰਬਰ 2025 ਤੱਕ ਮੁੜ ਖੋਲ੍ਹਣ ਦਾ ਐਲਾਨ ਕੀਤਾ ਹੈ। ਇਸ ਮਹੱਤਵਪੂਰਣ ਫੈਸਲੇ ਦੀ ਜਾਣਕਾਰੀ ਸਮਾਜਿਕ ਨਿਆਂ, ਸਸ਼ਕਤੀਕਰਨ ਅਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਨੇ ਦਿੱਤੀ। ਉਨ੍ਹਾਂ ਨੇ ਕਿਹਾ ਕਿ ਸਰਕਾਰ ਦੇ ਯਤਨ ਦਾ



ਮੂਲ ਮਕਸਦ ਐਸ.ਸੀ. ਵਰਗ ਦੇ ਵਿਦਿਆਰਥੀਆਂ ਨੂੰ ਗੁਣਵੱਤਾ ਵਾਲੀ ਸਿੱਖਿਆ ਰਾਹੀਂ ਮੁੱਖ ਧਾਰਾ ਨਾਲ ਜੋੜਨਾ ਅਤੇ ਉਨ੍ਹਾਂ ਦੇ ਆਰਥਿਕ ਬੋਝ ਨੂੰ ਘਟਾਉਣਾ ਹੈ।

ਡਾ. ਬਲਜੀਤ ਕੌਰ ਨੇ ਦੱਸਿਆ ਕਿ ਸਕਾਲਰਸ਼ਿਪ ਯੋਜਨਾ ਤਹਿਤ ਇਸ ਸਾਲ 2.70 ਲੱਖ ਵਿਦਿਆਰਥੀਆਂ ਨੂੰ ਲਾਭ ਦੇਣ ਦਾ ਟੀਚਾ ਰੱਖਿਆ ਗਿਆ ਹੈ। ਹੁਣ ਤੱਕ 2,49,620 ਵਿਦਿਆਰਥੀਆਂ ਨੇ ਪੋਰਟਲ 'ਤੇ ਅਰਜ਼ੀਆਂ ਦਿੱਤੀਆਂ ਹਨ, ਜਿਨ੍ਹਾਂ ਵਿੱਚੋਂ 1,26,722 ਮਾਮਲੇ ਵੈਰੀਫਾਈ ਕਰਕੇ ਅੱਗੇ ਦੀ ਕਾਰਵਾਈ ਲਈ ਭੇਜੇ ਜਾ ਚੁੱਕੇ ਹਨ। ਇਸਦੇ ਨਾਲ, 19,871 ਵਿਦਿਆਰਥੀਆਂ ਨੂੰ ਰਾਜ ਸਰਕਾਰ ਦੇ ਹਿੱਸੇ ਦੇ ਫੰਡ ਵੀ ਜਾਰੀ ਹੋ ਚੁੱਕੇ ਹਨ, ਜਦਕਿ ਬਾਕੀਆਂ ਨੂੰ ਜਲਦ ਅਦਾਇਗੀ ਕੀਤੀ ਜਾਵੇਗੀ।

ਯੋਜਨਾ ਦੇ ਤਹਿਤ ਨਵੇਂ ਵਿਦਿਆਰਥੀਆਂ ਨੂੰ ਫ੍ਰੀ–ਸ਼ਿਪ ਕਾਰਡ ਜਾਰੀ ਕੀਤੇ ਜਾਂਦੇ ਹਨ, ਜਿਸ ਨਾਲ ਉਹ ਮਾਨਤਾ ਪ੍ਰਾਪਤ ਕਾਲਜਾਂ ਅਤੇ ਸੰਸਥਾਵਾਂ ਵਿੱਚ ਟਿਊਸ਼ਨ ਫੀਸ ਤੋਂ ਛੋਟ ਪ੍ਰਾਪਤ ਕਰ ਸਕਦੇ ਹਨ। ਇਹ ਕਾਰਡ ਪੇਂਡੂ ਅਤੇ ਸ਼ਹਿਰੀ ਗਰੀਬ ਪਰਿਵਾਰਾਂ ਲਈ ਖ਼ਾਸ ਤੌਰ 'ਤੇ ਮਦਦਗਾਰ ਸਾਬਤ ਹੋ ਰਹੇ ਹਨ।

ਕੈਬਨਿਟ ਮੰਤਰੀ ਨੇ ਸਾਰੇ ਜ਼ਿਲ੍ਹਾ ਅਧਿਕਾਰੀਆਂ, ਸਿੱਖਿਆ ਸੰਸਥਾਵਾਂ ਅਤੇ ਨੋਡਲ ਅਧਿਕਾਰੀਆਂ ਨੂੰ ਨਿਰਦੇਸ਼ ਜਾਰੀ ਕੀਤੇ ਹਨ ਕਿ ਕੋਈ ਵੀ ਯੋਗ ਵਿਦਿਆਰਥੀ ਸਕਾਲਰਸ਼ਿਪ ਤੋਂ ਵਾਂਝਾ ਨਾ ਰਹੇ। ਉਨ੍ਹਾਂ ਨੇ ਜ਼ੋਰ ਦਿੱਤਾ ਕਿ ਪੰਜਾਬ ਸਰਕਾਰ ਐਸ.ਸੀ. ਵਰਗ ਦੇ ਵਿਦਿਆਰਥੀਆਂ ਦੇ ਵਿਦਿਅਕ, ਆਰਥਿਕ ਅਤੇ ਸਮਾਜਕ ਉੱਚੇਰੀ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

# 2025 ਦੀ ਕੇਂਦਰੀ ਸਿੱਖਿਆ ਨੀਤੀ 'ਚ ਵੱਡਾ ਸੋਧ: ਕਲਾਸ 10 ਬੋਰਡ ਨੂੰ ਵਿਕਲਪੀ ਬਣਾਉਣ 'ਤੇ ਵਿਚਾਰ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 28 ਨਵੰਬਰ
INTERNATIONAL PAPER, 94636 01616
hardipchumber57@gmail.com

ਕੇਂਦਰ ਸਰਕਾਰ ਨੇ 2025 ਦੀ ਰਾਸ਼ਟਰੀ ਸਿੱਖਿਆ ਨੀਤੀ (NEP) ਵਿੱਚ ਇੱਕ ਮਹੱਤਵਪੂਰਣ ਸੋਧ 'ਤੇ ਗੰਭੀਰਤਾ ਨਾਲ ਵਿਚਾਰ ਸ਼ੁਰੂ ਕੀਤਾ ਹੈ, ਜਿਸ ਤਹਿਤ ਕਲਾਸ 10 ਬੋਰਡ ਪ੍ਰੀਖਿਆ ਨੂੰ ਵਿਕਲਪੀ (Optional) ਬਣਾਇਆ ਜਾ ਸਕਦਾ ਹੈ। ਇਹ ਸੁਝਾਅ ਰਾਸ਼ਟਰੀ ਸਿੱਖਿਆ ਕਮੇਟੀ ਵੱਲੋਂ ਦਿੱਤਾ ਗਿਆ, ਜਿਸਨੂੰ ਨਵੀਂ ਪੀੜ੍ਹੀ ਦੀ ਮਾਨਸਿਕ ਸਿਹਤ, ਤਣਾਅ ਘਟਾਉਣ ਤੇ ਵਿਦਿਆਰਥੀ–ਕੇਂਦਰਿਤ ਸਿੱਖਿਆ ਦੇ ਮੱਦੇਨਜ਼ਰ ਬਹੁਤ ਮਹੱਤਵਪੂਰਣ ਮੰਨਿਆ ਜਾ ਰਿਹਾ ਹੈ।




ਸਿੱਖਿਆ ਮੰਤਰਾਲੇ ਦਾ ਕਹਿਣਾ ਹੈ ਕਿ ਇਸ ਮਾਡਲ ਤਹਿਤ ਕਲਾਸ 10 ਦੇ ਵਿਦਿਆਰਥੀ ਸਕੂਲ–ਅਧਾਰਤ ਮੁਲਾਂਕਣ ਚਾਹੁੰਦੇ ਹਨ ਤਾਂ ਬੋਰਡ ਪ੍ਰੀਖਿਆ ਛੱਡ ਸਕਣਗੇ। ਪ੍ਰੀਖਿਆ ਸਿਰਫ਼ ਉਹਨਾਂ ਲਈ ਲਾਜ਼ਮੀ ਰਹੇਗੀ ਜੋ ਵਿਸ਼ੇ ਜਾਂ ਸਟ੍ਰੀਮ ਬਦਲਣਾ ਚਾਹੁੰਦੇ ਹਨ। ਵਿਸ਼ੇਸ਼ਗਿਆਨ ਮੰਨਦੇ ਹਨ ਕਿ ਇਹ ਬਦਲਾਅ ਵਿਦਿਆਰਥੀਆਂ ਦੇ ਤਣਾਅ ਵਿੱਚ 40–50% ਤੱਕ ਕਮੀ ਕਰ ਸਕਦੇ ਹਨ, ਕਿਉਂਕਿ ਇਸ ਸਮੇਂ ਬੋਰਡ ਪ੍ਰੀਖਿਆ ਨੂੰ ਭਾਰਤ 'ਚ ਸਭ ਤੋਂ ਵੱਡੀ ਮਨੋਵਿਗਿਆਨਿਕ ਚੁਣੌਤੀ ਮੰਨਿਆ ਜਾਂਦਾ ਹੈ।

ਇਸ ਤੋਂ ਇਲਾਵਾ NEP 2025 ਵਿੱਚ ਹੁਨਰ–ਕੇਂਦਰਿਤ ਸਿੱਖਿਆ, ਡਿਜ਼ੀਟਲ ਲੈਬਜ਼, ਵੋਕੇਸ਼ਨਲ ਕੋਰਸ, ਪ੍ਰੋਜੈਕਟ–ਬੇਸਡ ਲਰਨਿੰਗ ਅਤੇ AI–ਆਧਾਰਿਤ ਮੁਲਾਂਕਣ ਵਰਗੀਆਂ ਨਵੀਆਂ ਸੁਧਾਰਾਂ 'ਤੇ ਵੀ ਕੰਮ ਚੱਲ ਰਿਹਾ ਹੈ। ਸਿੱਖਿਆ ਵਿਭਾਗ ਦਾ ਮੰਨਣਾ ਹੈ ਕਿ ਵਿਦਿਆਰਥੀਆਂ ਨੂੰ ਸਿਰਫ ਅੰਕਾਂ ਦੀ ਦੌੜ 'ਚ ਨਹੀਂ, ਸਗੋਂ ਰੋਜ਼ਗਾਰ–ਕੇਂਦਰਿਤ ਅਤੇ ਜੀਵਨ–ਕੇਂਦਰਿਤ ਸਿੱਖਿਆ ਦੀ ਲੋੜ ਹੈ।

ਹਾਲਾਂਕਿ ਕੁਝ ਵਿਦਿਆਰਥੀ ਮਾਪੇ ਸੰਸਥਾਵਾਂ ਨੇ ਚਿੰਤਾ ਜ਼ਾਹਰ ਕੀਤੀ ਹੈ ਕਿ ਇਸ ਨਾਲ ਸਕੂਲਾਂ 'ਤੇ ਭਾਰ ਵੱਧੇਗਾ ਅਤੇ ਅੰਦਰੂਨੀ ਮੁਲਾਂਕਣ ਦੀ ਗੁਣਵੱਤਾ 'ਤੇ ਸਵਾਲ ਖੜੇ ਹੋ ਸਕਦੇ ਹਨ।

ਸਰਕਾਰ ਦਾ ਕਹਿਣਾ ਹੈ ਕਿ ਸਾਰੇ ਸਕੂਲਾਂ ਨੂੰ ਮਜ਼ਬੂਤ ਡਿਜ਼ੀਟਲ ਅਤੇ ਅਕਾਦਮਿਕ ਆਡਿਟ ਤਹਿਤ ਲਿਆਂਦਾ ਜਾਵੇਗਾ।

# ਪਟਿਆਲਾ ਦੇ ਸਿਹਤ ਵਿਭਾਗ ਵੱਲੋਂ ਨਵੀਂ 'ਮਾਤਾ ਸੁੱਖ' ਸੇਵਾ ਸ਼ੁਰੂ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 28 ਨਵੰਬਰ
INTERNATIONAL PAPER, 94636 01616
hardipchumber57@gmail.com

ਪਟਿਆਲਾ ਦੇ ਸਿਵਲ ਹਸਪਤਾਲ ਵਿੱਚ ਮਹਿਲਾਵਾਂ ਅਤੇ ਗਰਭਵਤੀ ਮਾਤਾਵਾਂ ਲਈ ਨਵੀਂ "ਮਾਤਾ ਸੁੱਖ ਸੇਵਾ" ਸ਼ੁਰੂ ਕੀਤੀ ਗਈ ਹੈ। ਇਸ ਦਾ ਮੁੱਖ ਉਦੇਸ਼




ਗਰੀਬ ਪਰਿਵਾਰਾਂ ਦੀਆਂ ਮਹਿਲਾਵਾਂ ਨੂੰ ਮੁਫ਼ਤ ਜਾਂਚਾਂ, ਪੋਸ਼ਣ ਸਲਾਹ ਤੇ ਸਮੇਂ-ਸਮੇਂ ਤੇ ਜ਼ਰੂਰੀ ਦਵਾਈਆਂ ਮੁਹੱਈਆ ਕਰਵਾਉਣਾ ਹੈ। ਡਾਕਟਰਾਂ ਨੇ ਦੱਸਿਆ ਕਿ ਪਿਛਲੇ ਸਾਲ ਮਾਤਾ ਮ੍ਰਿਤਿਉ ਦਰ ਵਧਣ ਕਰਕੇ ਇਹ ਯੋਜਨਾ ਲਾਜ਼ਮੀ ਹੋ ਗਈ ਸੀ। ਨਵੀਂ ਸੁਵਿਧਾ ਦੇ ਤਹਿਤ 24x7 ਐਮਰਜੈਂਸੀ ਸਪੋਰਟ, ਬੱਚੇ ਦੀ ਵਧੋਤਰੀ ਦੀ ਨਿਗਰਾਨੀ ਅਤੇ ਟੀਕਾਕਰਨ ਮੁਹਿੰਮ ਨੂੰ ਵੀ ਮਜ਼ਬੂਤ ਕੀਤਾ ਜਾਵੇਗਾ। ਸਮਾਜ ਸੇਵੀਆਂ ਨੇ ਇਸਨੂੰ ਇੱਕ ਮਹੱਤਵਪੂਰਣ ਕਦਮ ਦੱਸਿਆ ਹੈ, ਖ਼ਾਸ ਤੌਰ 'ਤੇ ਪੇਂਡੂ ਮਹਿਲਾਵਾਂ ਲਈ।

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 28 ਨਵੰਬਰ
INTERNATIONAL PAPER, 94636 01616
hardipchumber57@gmail.com

# ਸਾਡੀ ਆਜ਼ਾਦੀ ਦੀ ਲੜਾਈ ਹਾਲੇ ਬਾਕੀ ਹੈ- ਬਾਬਾ ਸਾਹਿਬ

**ਬਾਬਾ ਸਾਹਿਬ ਕਹਿੰਦੇ ਹਨ**

ਇੰਜੀ. ਹਰਦੀਪ ਸਿੰਘ ਚੁੰਬਰ

**1935 ਦੇ ਐਕਟ ਦੇ ਲਾਗੂ ਹੋਣ ਤੋਂ ਬਾਅਦ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਨੇ 1937 ਵਿੱਚ ਭਾਰਤ ਦੇ ਅੱਧੇ ਰਾਜਾਂ ਵਿੱਚ ਸਰਕਾਰਾਂ ਬਣਾਈਆਂ ਅਤੇ ਚਤਰਵਰਨ ਦੇ ਹਿੰਦੂ ਲੋਕਾਂ ਨੇ 7 ਰਾਜਾਂ ਦੇ ਬ੍ਰਾਹਮਣ ਮੁੱਖ ਮੰਤਰੀ ਬਣਾਏ ਅਤੇ ਮੰਤਰੀ, ਵਿਧਾਇਕ ਬਣੇ ਅਤੇ ਸੰਸਦ ਮੈਂਬਰ ਆਦਿ ਵੀ ਬਣਨ ਲੱਗੇ। ਹੁਣ ਸ਼ਾਸਨ, ਪ੍ਰਸ਼ਾਸਨ ਦਾ ਪ੍ਰਬੰਧ ਭਾਰਤ ਚਤਰਵਰਨ ਦੇ ਲੋਕਾਂ ਦੇ ਹੱਥਾਂ ਵਿੱਚ ਸੀ, ਫਿਰ ਵੀ ਇਹ ਲੋਕ ਆਪਣੇ ਆਪ ਨੂੰ ਅੰਗਰੇਜ਼ਾਂ ਦਾ ਗੁਲਾਮ ਮੰਨਦੇ ਸਨ। 1947 ਵਿੱਚ ਸੱਤਾ ਬਦਲਣ ਤੋਂ ਬਾਅਦ, ਅਨੁਸੂਚਿਤ ਵਰਗ ਨੂੰ ਲਗਭਗ ਉਹ ਜਿਹੇ ਅਧਿਕਾਰਾਂ ਦੀ ਪ੍ਰਾਪਤੀ ਦਾ ਕੁੱਝ ਲਾਭ ਹੋਇਆ ਜਿਹੋ ਜਿਹਾ ਲਾਭ ਬ੍ਰਿਟਿਸ਼ ਸ਼ਾਸਨ ਕਾਲ ਦੌਰਾਨ ਚਤਰਵਰਨ ਦੇ ਹਿੰਦੂ ਲੋਕਾਂ ਨੂੰ ਹਾਸਲ ਹੋਇਆ ਸੀ। ਮੌਜੂਦਾ ਸਮੇਂ ਵੀ ਅਨੁਸੂਚਿਤ ਵਰਗ ਦੇ ਲੋਕ ਮੁੱਖ ਮੰਤਰੀ, ਮੰਤਰੀ, ਵਿਧਾਇਕ, ਸੰਸਦ ਮੈਂਬਰ ਬਣ ਜਾਂਦੇ ਹਨ, ਪਰ ਉਹ ਸਮਾਨਤਾ ਦੇ ਅਧਿਕਾਰਾਂ ਤੋਂ ਵਾਂਝੇ ਵਰਗ ਨੂੰ ਬਣਦਾ ਹੱਕ ਦਿਵਾਉਣ ਦੇ ਲਈ ਕੁੱਝ ਵੀ ਨਹੀਂ ਕਰ ਸਕਦੇ।**

## ਡਾ. ਬੀ. ਆਰ. ਅੰਬੇਡਕਰ ਦਾ ਪ੍ਰਧਾਨਗੀ ਭਾਸ਼ਣ, ਅਖਿਲ ਭਾਰਤੀ ਦਲਿਤ ਵਰਗ ਸੰਮੇਲਨ ਨਾਗਪੁਰ, 8 ਅਗਸਤ, 1930

IV. ਦਲਿਤ ਵਰਗ ਅਤੇ ਸਾਈਮਨ ਕਮਿਸ਼ਨ:

16. ਮੈਂ ਤੁਹਾਡਾ ਧਿਆਨ ਬਹੁਤ ਸਾਰੇ ਸੁਰੱਖਿਆ ਉਪਾਵਾਂ ਵੱਲ ਖਿੱਚਿਆ ਹੈ ਜਿਨ੍ਹਾਂ ਨੂੰ ਮੈਂ ਸਵੈ-ਸ਼ਾਸਨ ਵਾਲੇ ਭਾਰਤ ਵਿੱਚ ਤੁਹਾਡੇ ਲਈ ਜ਼ਰੂਰੀ ਸਮਝਦਾ ਹਾਂ। ਸਾਈਮਨ ਕਮਿਸ਼ਨ ਨੇ ਸਾਡੇ



ਸੰਬੰਧ ਵਿੱਚ ਪ੍ਰਵਾਨਗੀਆਂ ਦਿੱਤੀਆਂ ਹਨ, ਹੁਣ ਮੈਂ ਉਨ੍ਹਾਂ 'ਤੇ ਚਰਚਾ ਕਰਾਂਗਾ। ਬਿਨਾਂ ਸ਼ੱਕ, ਸਾਈਮਨ ਕਮਿਸ਼ਨ ਨੇ ਦਲਿਤ ਵਰਗ ਦੀ ਸੰਵਿਧਾਨਕ ਸੁਰੱਖਿਆ 'ਤੇ ਹਮਦਰਦੀ ਨਾਲ ਵਿਚਾਰ ਕੀਤਾ ਹੈ। ਕਮਿਸ਼ਨ ਨੇ ਦਲਿਤ ਵਰਗ ਦੀ ਸਥਿਤੀ ਨੂੰ ਸਹੀ ਢੰਗ ਨਾਲ ਦਰਸਾਉਣ ਦੀ ਕੋਸ਼ਿਸ਼ ਕੀਤੀ ਹੈ, ਪਰ ਇੱਥੇ ਵਰਣਨ ਕਿਸੇ ਵੀ ਤਰ੍ਹਾਂ ਪੂਰਾ ਵਰਣਨ ਨਹੀਂ ਹੈ। ਉਨ੍ਹਾਂ ਨੇ ਸਕੂਲਾਂ ਅਤੇ ਖੂਹਾਂ ਦੀ ਸਮੱਸਿਆ ਬਾਰੇ ਲਿਖਿਆ ਹੈ। ਇਹ ਇਨ੍ਹਾਂ ਬਦਕਿਸਮਤ ਜਾਤੀਆਂ ਦੀਆਂ ਸ਼ਿਕਾਇਤਾਂ ਦੀ ਲੰਬੀ ਸੂਚੀ ਦਾ ਇੱਕ ਛੋਟਾ ਜਿਹਾ ਹਿੱਸਾ ਹੈ। ਫਿਰ ਵੀ, ਇਹ ਕਿਹਾ ਜਾ ਸਕਦਾ ਹੈ ਕਿ ਸਾਈਮਨ ਨੇ ਸੰਵਿਧਾਨਕ ਸੁਰੱਖਿਆ ਪ੍ਰਬੰਧਾਂ ਅਤੇ ਦਲਿਤ ਵਰਗ ਦੀ ਸੁਰੱਖਿਆ ਦੀ ਜ਼ਰੂਰਤ ਨੂੰ ਮੋਂਟਫੋਰਡ ਰਿਪੋਰਟ ਨਾਲੋਂ ਬਹੁਤ ਵਧੀਆ ਢੰਗ ਨਾਲ ਸਮਝਿਆ ਹੈ। ਪਰ ਮੈਨੂੰ ਬਹੁਤ ਅਫ਼ਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਸਾਈਮਨ ਨੇ ਸਾਡੀ ਪ੍ਰਤੀਨਿਧਤਾ ਲਈ ਸੁਝਾਏ ਗਏ ਢੰਗ ਦੀ ਪ੍ਰਵਾਨਗੀ ਅਤੇ ਸਾਡੀ ਪ੍ਰਤੀਨਿਧਤਾ ਦੀ ਮਾਤਰਾ ਦੇ ਮੁੱਦੇ 'ਤੇ ਸਾਨੂੰ ਬਹੁਤ ਨਿਰਾਸ਼ ਕੀਤਾ ਹੈ।

17. ਜਿਵੇਂ ਕਿ ਤੁਸੀਂ ਜਾਣਦੇ ਹੋ, ਇਸ ਸਮੇਂ ਦਲਿਤ ਵਰਗ ਦੇ ਪ੍ਰਤੀਨਿਧੀ ਨਾਮਜ਼ਦ ਕੀਤੇ ਜਾਂਦੇ ਹਨ। ਸਾਡੇ ਵਿੱਚੋਂ ਜਿਹੜੇ ਬਦਕਿਸਮਤੀ ਨਾਲ ਨਾਮਜ਼ਦਗੀ ਦੁਆਰਾ ਤੁਹਾਡੇ ਪ੍ਰਤੀਨਿਧੀ ਬਣੇ ਹਨ, ਉਹ ਤੁਹਾਨੂੰ ਇਸ ਨਾਮਜ਼ਦ ਪ੍ਰਣਾਲੀ ਦੇ ਮਾੜੇ ਪ੍ਰਭਾਵਾਂ ਤੋਂ ਜਾਣੂ ਕਰਵਾਉਣਗੇ। ਮੈਨੂੰ ਇਹ ਕਹਿੰਦੇ ਹੋਏ ਖੁਸ਼ੀ ਹੋ ਰਹੀ ਹੈ ਕਿ ਸਾਈਮਨ ਕਮਿਸ਼ਨ ਦੇ ਸਾਹਮਣੇ ਸਬੂਤ ਪੇਸ਼ ਕਰਦੇ ਸਮੇਂ ਇਸ ਪ੍ਰਣਾਲੀ ਦੀ ਪੂਰੇ ਭਾਰਤ ਤੋਂ ਵਿਆਪਕ ਤੌਰ 'ਤੇ ਨਿੰਦਾ ਕੀਤੀ ਗਈ ਸੀ। ਇਸ ਪ੍ਰਣਾਲੀ ਦੇ ਤਹਿਤ ਸਾਡੇ ਲੋਕਾਂ ਨੂੰ ਆਪਣੀ ਪਸੰਦ ਅਤੇ ਯੋਗਤਾ ਦਾ ਪ੍ਰਤੀਨਿਧੀ ਚੁਣਨ ਦੇ ਅਧਿਕਾਰ ਤੋਂ ਵਾਂਝਾ ਰੱਖਿਆ ਜਾਂਦਾ ਹੈ; ਇਹ ਉਨ੍ਹਾਂ ਦੀ ਆਜ਼ਾਦੀ ਦੀ ਉਲੰਘਣਾ ਹੈ। ਇਸੇ ਤਰ੍ਹਾਂ, ਸਾਡੇ ਨਾਮਜ਼ਦ ਪ੍ਰਤੀਨਿਧੀਆਂ ਨੂੰ ਕੰਮ ਕਰਨ ਦੀ ਕੋਈ ਆਜ਼ਾਦੀ ਨਹੀਂ ਹੈ। ਇਹ ਅਫ਼ਸੋਸ ਦੀ ਗੱਲ ਹੈ ਕਿ ਸਾਈਮਨ ਕਮਿਸ਼ਨ ਨੇ ਇਸ ਸਭ ਦੇ ਬਾਅਦ ਵੀ ਇਸ ਸਭ ਤੋਂ ਭੈੜੀ ਪ੍ਰਣਾਲੀ ਨੂੰ ਨਹੀਂ ਛੱਡਿਆ ਹੈ। ਇਸ ਪ੍ਰਣਾਲੀ ਨਾਲ ਜੁੜੇ ਹੋਏ, ਇਸ ਨੇ ਸਿਫਾਰਸ਼ ਕੀਤੀ ਹੈ ਕਿ ਚੋਣ ਲਈ ਦਲਿਤ ਵਰਗ ਤੋਂ ਢੁਕਵਾਂ ਉਮੀਦਵਾਰ ਨਾ ਮਿਲਣ ਦੀ ਸਥਿਤੀ ਵਿੱਚ, ਰਾਜਪਾਲ ਨੂੰ ਦਲਿਤ ਵਰਗ ਦੇ ਪ੍ਰਤੀਨਿਧੀ ਨੂੰ ਨਾਮਜ਼ਦ ਕਰਨ ਦਾ ਅਧਿਕਾਰ ਹੋਵੇਗਾ। ਇੰਨਾ ਹੀ ਨਹੀਂ, ਸਾਈਮਨ ਕਮਿਸ਼ਨ ਨੇ ਇੱਕ ਬਹੁਤ ਹੀ ਅਣਚਾਹੇ ਸਿਫਾਰਸ਼ ਕੀਤੀ ਹੈ ਕਿ ਰਾਜਪਾਲ ਵਿਧਾਨ ਸਭਾਵਾਂ ਵਿੱਚ ਦਲਿਤ ਵਰਗ ਦੀ ਨੁਮਾਇੰਦਗੀ ਲਈ ਕਿਸੇ ਵੀ ਗੈਰ-ਦਲਿਤ ਨੂੰ ਨਾਮਜ਼ਦ ਕਰ ਸਕਦਾ ਹੈ। ਪਰ ਇਹ ਸਾਰੇ ਸੁਰੱਖਿਅਤ ਫੈਸਲੇ ਹੋਣਗੇ ਅਤੇ ਉਨ੍ਹਾਂ 'ਤੇ ਬਹੁਤ ਜ਼ਿਆਦਾ ਵਿਚਾਰ ਕਰਨ ਦੀ ਕੋਈ ਲੋੜ ਨਹੀਂ ਹੈ। ਮੇਰੀ ਰਾਏ ਵਿੱਚ, ਆਮ ਪ੍ਰਸਤਾਵ ਵੀ ਓਨਾ ਹੀ ਅਵੈਧ ਹੈ। ਇਸ ਤਹਿਤ, ਦਲਿਤ ਵਰਗ ਦੇ ਪ੍ਰਤੀਨਿਧੀ ਸਾਂਝੇ ਚੋਣ ਸਮੂਹ ਦੇ ਆਧਾਰ 'ਤੇ ਰਾਖਵੀਆਂ ਸੀਟਾਂ ਤੋਂ ਚੁਣੇ ਜਾਣਗੇ। ਜੇਕਰ ਇਸ ਸਿਫ਼ਾਰਸ਼ ਵਿੱਚ ਹੋਰ ਕੁਝ ਨਾ ਹੁੰਦਾ, ਤਾਂ ਅਸੀਂ ਆਪਣੀ ਮੌਜੂਦਾ ਸਥਿਤੀ ਤੋਂ ਵਿਕਸਤ ਹੁੰਦੇ। ਪਰ ਇਸ ਵਿੱਚ ਇੱਕ ਸ਼ਰਤ ਰੱਖੀ ਗਈ ਹੈ ਕਿ ਦਲਿਤ ਵਰਗ ਦਾ ਕੋਈ ਵੀ ਮੈਂਬਰ ਸਿਰਫ਼ ਤਾਂ ਹੀ ਉਮੀਦਵਾਰ ਬਣੇਗਾ ਜੇਕਰ ਉਸ ਰਾਜ ਦਾ ਰਾਜਪਾਲ ਉਸਦੀ ਯੋਗਤਾ ਨੂੰ ਪ੍ਰਮਾਣਿਤ ਕਰੇ, ਨਹੀਂ ਤਾਂ ਨਹੀਂ। ਅਸੀਂ ਇਸ ਪ੍ਰਣਾਲੀ ਅਤੇ ਨਵੀਂ ਸੁਝਾਈ ਗਈ ਪ੍ਰਣਾਲੀ ਨੂੰ ਸਵੀਕਾਰ ਨਹੀਂ ਕਰਦੇ ਕਿਉਂਕਿ ਮੌਜੂਦਾ ਪ੍ਰਣਾਲੀ ਅਤੇ ਨਵੀਂ ਸੁਝਾਈ ਗਈ ਪ੍ਰਣਾਲੀ ਵਿੱਚ ਇੰਨੀ ਸਮਾਨਤਾ ਹੈ ਕਿ ਉਨ੍ਹਾਂ ਵਿਚਕਾਰ ਚੋਣ ਕਰਨ ਦੇ ਯੋਗ ਕੁਝ ਨਹੀਂ ਹੈ ਅਤੇ ਅਜਿਹੀ ਸਥਿਤੀ ਵਿੱਚ ਜਦੋਂ ਰਾਜਪਾਲ ਸਿਰਫ਼ ਕਿਸੇ ਵੀ ਹਲਕੇ ਤੋਂ ਉਮੀਦਵਾਰ ਨੂੰ ਪ੍ਰਮਾਣਿਤ ਕਰੇਗਾ, ਤਾਂ ਇਹ ਇੱਕ ਪੂਰੀ ਤਰ੍ਹਾਂ ਨਾਮਜ਼ਦ ਪ੍ਰਤੀਨਿਧੀ ਹੋਵੇਗਾ ਅਤੇ ਹੋਰ ਕੁਝ ਨਹੀਂ। ਪ੍ਰਮਾਣੀਕਰਣ ਪ੍ਰਣਾਲੀ ਕਿਵੇਂ ਕੰਮ ਕਰੇਗੀ ਅਤੇ ਇਸ ਲਈ ਕੀ ਜਮ੍ਹਾਂ ਕਰਵਾਉਣ ਲਈ ਕਿਹਾ ਜਾਵੇਗਾ, ਇਸ ਬਾਰੇ ਕੋਈ ਵਿਸਤ੍ਰਿਤ ਜਾਣਕਾਰੀ ਨਹੀਂ ਹੈ। ਇਸ ਕਮਿਸ਼ਨ ਨੇ ਸੁਝਾਅ ਦਿੱਤਾ ਹੈ ਕਿ ਰਾਜਪਾਲ ਇਸ ਸਬੰਧ ਵਿੱਚ ਦਲਿਤ ਵਰਗ ਦੇ ਸੰਗਠਨਾਂ ਨਾਲ ਸਲਾਹ-ਮਸ਼ਵਰਾ ਕਰ ਸਕਦਾ ਹੈ, ਜਾਂ ਜੋ ਵੀ ਉਹ ਢੁਕਵਾਂ ਸਮਝਦਾ ਹੈ ਉਹ ਕਰ ਸਕਦਾ ਹੈ। ਇਹ ਦੋਵੇਂ ਤਰੀਕੇ ਸਾਡੇ ਲਈ ਅਸਵੀਕਾਰਨਯੋਗ ਹਨ। ਜੇਕਰ ਸੰਗਠਨਾਂ ਨਾਲ ਸਲਾਹ-ਮਸ਼ਵਰੇ ਦੇ ਢੰਗ ਦੀ ਪਾਲਣਾ ਕੀਤੀ ਜਾਂਦੀ ਹੈ, ਤਾਂ ਨਕਲੀ ਸੰਗਠਨਾਂ ਦਾ ਪ੍ਰਸਾਰ ਹੋਵੇਗਾ ਅਤੇ ਉਨ੍ਹਾਂ ਦਾ ਇੱਕੋ ਇੱਕ ਉਦੇਸ਼ ਆਪਣੇ ਕਠਪੁਤਲੀ ਉਮੀਦਵਾਰ ਨੂੰ ਉਤਸ਼ਾਹਿਤ ਕਰਨਾ ਹੋਵੇਗਾ। ਭਾਵੇਂ ਉਹ ਉਮੀਦਵਾਰ ਆਮ ਲੋਕਾਂ ਨੂੰ ਬਿਲਕੁਲ ਵੀ ਸਵੀਕਾਰਯੋਗ ਨਾ ਹੋਵੇ ਅਤੇ ਜੇਕਰ ਕੋਈ ਹੋਰ ਤਰੀਕਾ ਅਪਣਾਇਆ ਜਾਂਦਾ ਹੈ, ਤਾਂ ਸਿਸਟਮ ਦੇ ਜਲਦੀ ਹੀ ਖਰਾਬ ਹੋਣ ਦਾ ਖ਼ਤਰਾ ਹੈ ਅਤੇ ਅਸਲ ਸ਼ਕਤੀ ਮਾਮਲਤਦਾਰਾਂ ਅਤੇ ਤਹਿਸੀਲਦਾਰਾਂ ਦੇ ਹੱਥਾਂ ਵਿੱਚ ਫਸ ਜਾਵੇਗੀ ਅਤੇ ਬਾਬੂਗਿਰੀ ਦੇ ਗੁਲਾਮ ਬਣ ਜਾਵੇਗੀ ਕਿਉਂਕਿ ਰਾਜਪਾਲ ਨੂੰ ਉਨ੍ਹਾਂ ਦੀਆਂ ਰਿਪੋਰਟਾਂ ਦੇ ਆਧਾਰ 'ਤੇ ਇੱਕ ਸਮਝਦਾਰੀ ਵਾਲਾ ਫੈਸਲਾ ਲੈਣਾ ਪਵੇਗਾ। ਤੁਸੀਂ ਚੰਗੀ ਤਰ੍ਹਾਂ ਜਾਣਦੇ ਹੋ ਕਿ ਇਹ ਮਾਮਲਤਦਾਰ ਅਤੇ ਤਹਿਸੀਲਦਾਰ ਕਿਸ ਸ਼੍ਰੇਣੀ ਦੇ ਅਧਿਕਾਰੀਆਂ ਨਾਲ ਸਬੰਧਤ ਹਨ ਅਤੇ ਦਲਿਤ ਵਰਗ ਅਤੇ ਬੁੱਧੀਜੀਵੀਆਂ ਪ੍ਰਤੀ ਉਨ੍ਹਾਂ ਦਾ ਕਿੰਨਾ ਵਿਗੜਿਆ ਰਵੱਈਆ ਹੈ। ਇਸ ਲਈ, ਤੁਸੀਂ ਕਲਪਨਾ ਕਰ ਸਕਦੇ ਹੋ ਕਿ ਉਹ ਕਿਸ ਕਿਸਮ ਦੇ ਲੋਕਾਂ ਨੂੰ ਪ੍ਰਮਾਣੀਕਰਣ ਲਈ ਸਿਫਾਰਸ਼ ਕਰਨਗੇ।

18. ਮੈਂ ਕਮਿਸ਼ਨ ਦੀ ਇਸ ਦਲੀਲ ਨਾਲ ਸਹਿਮਤ ਨਹੀਂ ਹੋ ਸਕਦਾ ਕਿ ਦਲਿਤ ਵਰਗ ਦੇ ਪ੍ਰਤੀਨਿਧੀਆਂ ਦੇ ਮਾਮਲੇ ਵਿੱਚ ਪ੍ਰਮਾਣੀਕਰਣ ਦੀ ਕੋਈ ਵਿਸ਼ੇਸ਼ ਲੋੜ ਹੈ। ਜੇਕਰ ਇਸ ਨਿਯਮ ਦਾ ਉਦੇਸ਼ ਸਿਰਫ ਅਯੋਗ ਲੋਕਾਂ ਨੂੰ ਵਿਧਾਨ ਸਭਾਵਾਂ ਤੋਂ ਦੂਰ ਰੱਖਣਾ ਹੈ, ਤਾਂ ਮੈਂ ਕਹਿੰਦਾ ਹਾਂ ਕਿ ਹੋਰ ਵੀ ਬਹੁਤ ਸਾਰੇ ਹਨ ਜਿਨ੍ਹਾਂ ਲਈ ਪ੍ਰਮਾਣੀਕਰਣ ਦੀ ਪ੍ਰਣਾਲੀ ਜ਼ਰੂਰੀ ਹੋਣੀ ਚਾਹੀਦੀ ਹੈ। ਜੇਕਰ ਅਯੋਗਤਾ ਦਾ ਅਰਥ ਹੈ ਅੰਗਰੇਜ਼ੀ ਦਾ ਗਿਆਨ ਨਾ ਹੋਣਾ ਅਤੇ ਅੰਗਰੇਜ਼ੀ ਵਿੱਚ ਭਾਸ਼ਣ ਦੇਣ ਵਿੱਚ ਅਸਮਰੱਥਾ, ਤਾਂ ਮੈਂ ਮੁੰਬਈ ਵਿਧਾਨ ਪ੍ਰੀਸ਼ਦ ਦੇ ਸਿੰਧ ਤੋਂ ਵੱਡੀ ਗਿਣਤੀ ਵਿੱਚ ਬਹੁਤ ਸਾਰੇ ਗੈਰ-ਬ੍ਰਾਹਮਣਾਂ ਅਤੇ ਮੁਸਲਮਾਨਾਂ ਨੂੰ ਜਾਣਦਾ ਹਾਂ ਜੋ ਮੈਂਬਰ ਹਨ ਪਰ ਅੰਗਰੇਜ਼ੀ ਨਹੀਂ ਜਾਣਦੇ। ਉਨ੍ਹਾਂ ਨੇ ਨਾ ਤਾਂ ਕੋਈ ਸਵਾਲ ਪੁੱਛਿਆ ਹੈ ਅਤੇ ਨਾ ਹੀ ਕੋਈ ਭਾਸ਼ਣ ਦਿੱਤਾ ਹੈ। ਮੈਂ ਇਹ ਕਹਿਣ ਦੀ ਹਿੰਮਤ ਕਰਦਾ ਹਾਂ ਕਿ ਸਾਡੇ ਦਲਿਤ ਵਰਗ ਦੇ ਪ੍ਰਤੀਨਿਧੀ ਵੀ ਆਪਣੇ-ਆਪਣੇ ਵਿਧਾਨ ਪ੍ਰੀਸ਼ਦਾਂ ਤੋਂ ਅਜਿਹੇ ਬਹੁਤ ਸਾਰੇ ਨਾਮ ਯਾਦ ਕਰ ਸਕਦੇ ਹਨ। ਜੇਕਰ ਉਨ੍ਹਾਂ ਲਈ ਸਰਟੀਫਿਕੇਟ ਦੀ ਲੋੜ ਨਹੀਂ ਹੈ, ਤਾਂ ਮੈਂ ਇਹ ਸਮਝਣ ਤੋਂ ਅਸਮਰੱਥ ਹਾਂ ਕਿ ਇਹ ਸਿਰਫ਼ ਦਲਿਤ ਵਰਗ ਦੇ ਪ੍ਰਤੀਨਿਧੀਆਂ ਲਈ ਹੀ ਕਿਉਂ ਜ਼ਰੂਰੀ ਹੈ। ਇਸ ਲਈ, ਸਾਨੂੰ ਇਸ ਸੁਝਾਏ ਗਏ ਸਿਸਟਮ ਨੂੰ ਪੂਰੀ ਤਰ੍ਹਾਂ ਰੱਦ ਕਰਨਾ ਪਵੇਗਾ ਅਤੇ ਅਸੀਂ ਬਿਨਾਂ ਕਿਸੇ ਰੁਕਾਵਟ ਜਾਂ ਬਿਨਾਂ ਸ਼ਰਤ ਦੇ ਆਪਣੇ ਪ੍ਰਤੀਨਿਧੀਆਂ ਨੂੰ ਆਪਣੀ ਮਰਜ਼ੀ ਨਾਲ, ਆਪਣੀ ਮਰਜ਼ੀ ਨਾਲ ਚੁਣਨ ਦੇ ਅਧਿਕਾਰ ਦੀ ਮੰਗ ਕਰਦੇ ਹਾਂ। ਸਾਨੂੰ ਆਪਣੇ ਹਿੱਤਾਂ ਦੀ ਚੰਗੀ ਸਮਝ ਹੈ ਅਤੇ ਸਾਨੂੰ ਇਹ ਫੈਸਲਾ ਕਰਨ ਦਾ ਅਧਿਕਾਰ ਹੈ ਕਿ ਸਾਡੇ ਲਈ ਕੀ ਚੰਗਾ ਹੈ ਅਤੇ ਅਸੀਂ ਇਹ ਅਧਿਕਾਰ ਰਾਜਪਾਲ ਨੂੰ ਬਿਲਕੁਲ ਨਹੀਂ ਦੇ ਸਕਦੇ।

19. ਮੈਨੂੰ ਨਹੀਂ ਪਤਾ ਕਿ ਤੁਸੀਂ ਸਾਈਮਨ ਕਮਿਸ਼ਨ ਦੁਆਰਾ ਬਣਾਈ ਗਈ ਕੇਂਦਰੀ ਵਿਧਾਨ ਸਭਾ ਦੇ ਗਠਨ ਦੀ ਯੋਜਨਾ ਬਾਰੇ ਕੀ ਸੋਚਦੇ ਹੋ। ਇਸ ਸਮੇਂ, ਸਿੱਧੀ ਚੋਣ ਵਿਧਾਨ ਪ੍ਰੀਸ਼ਦ ਅਤੇ ਵਿਧਾਨ ਸਭਾ ਦੇ ਗਠਨ ਲਈ ਆਦਰਸ਼ ਹੈ। ਸਾਈਮਨ ਕਮਿਸ਼ਨ ਨੇ ਸਿਫ਼ਾਰਸ਼ ਕੀਤੀ ਹੈ ਕਿ ਰਾਜ ਵਿਧਾਨ ਸਭਾਵਾਂ ਦਾ ਗਠਨ ਪਹਿਲਾਂ ਵਾਂਗ ਸਿੱਧੀ ਚੋਣ ਦੁਆਰਾ ਜਾਰੀ ਰਹਿਣਾ ਚਾਹੀਦਾ ਹੈ ਪਰ ਵਿਧਾਨ ਪ੍ਰੀਸ਼ਦ ਦੇ ਗਠਨ ਨੂੰ ਅਨੁਪਾਤਕ ਪ੍ਰਤੀਨਿਧਤਾ ਪ੍ਰਣਾਲੀ ਦੇ ਤਹਿਤ ਵਿਧਾਨ ਸਭਾਵਾਂ ਲਈ ਚੁਣੇ ਗਏ ਮੈਂਬਰਾਂ ਦੁਆਰਾ ਅਸਿੱਧੇ ਚੋਣ ਦੁਆਰਾ ਨਿਯੰਤ੍ਰਿਤ ਕੀਤਾ ਜਾਣਾ ਚਾਹੀਦਾ ਹੈ। ਮੈਂ ਅਸਿੱਧੇ ਚੋਣ ਪ੍ਰਣਾਲੀ ਦਾ ਸਮਰਥਕ ਨਹੀਂ ਹਾਂ ਅਤੇ ਬੰਬੇ ਰਾਜ ਸਾਈਮਨ ਕਮੇਟੀ ਦੇ ਮੈਂਬਰ ਹੋਣ ਦੇ ਨਾਤੇ ਮੈਂ ਇਸਦਾ ਵਿਰੋਧ ਕੀਤਾ ਸੀ ਅਤੇ ਇਸਦੀ ਸਖ਼ਤ ਨਿੰਦਾ ਕੀਤੀ ਸੀ। ਪਰ ਸਾਈਮਨ ਕਮਿਸ਼ਨ ਨੇ ਜਿਸ ਤਰੀਕੇ ਨਾਲ ਇਸਨੂੰ ਪੇਸ਼ ਕੀਤਾ ਹੈ, ਉਸ ਵਿੱਚ ਸਹੂਲਤਾਂ ਅਤੇ ਅਸੁਵਿਧਾਵਾਂ ਦੋਵੇਂ ਹਨ। ਪਹਿਲਾਂ, ਇਹ ਘੱਟ ਗਿਣਤੀ ਭਾਈਚਾਰਿਆਂ ਦੇ ਪ੍ਰਤੀਨਿਧੀਆਂ ਦੀ ਚੋਣ ਲਈ ਸਾਂਝੇ ਅਤੇ ਵੱਖਰੇ ਵੋਟਰ ਹਲਕਿਆਂ ਦੀ ਜ਼ਰੂਰਤ ਨੂੰ ਆਪਣੇ ਆਪ ਖਤਮ ਕਰ ਦਿੰਦਾ ਹੈ। ਦੂਜਾ, ਇਹ ਇੱਕ ਵਿਧਾਨ ਸਭਾ ਅਤੇ ਦੂਜੀ ਵਿਧਾਨ ਪ੍ਰੀਸ਼ਦ ਲਈ ਵੱਖਰੀਆਂ ਵੋਟਰ ਸੂਚੀਆਂ ਦੀ ਤਿਆਰੀ ਅਤੇ ਰੱਖ-ਰਖਾਅ ਨਾਲ ਜੁੜੀਆਂ ਕਮੀਆਂ ਨੂੰ ਦੂਰ ਕਰਦਾ ਹੈ। ਤੀਜਾ, ਇਹ ਵਿਧਾਨ ਸਭਾ ਦੇ ਪ੍ਰਬੰਧਨ ਨੂੰ ਆਸਾਨ ਬਣਾ ਦੇਵੇਗਾ। ਹੁਣ, ਨੁਕਸਾਨਾਂ ਦੇ ਸੰਬੰਧ ਵਿੱਚ, ਇਹ ਕਹਿਣਾ ਉਚਿਤ ਹੋਵੇਗਾ ਕਿ ਇਸ ਪ੍ਰਣਾਲੀ ਦਾ ਲੋਕਾਂ ਅਤੇ ਸਰਕਾਰ ਵਿਚਕਾਰ ਸਬੰਧ ਕਮਜ਼ੋਰ ਹੋਣ ਦਾ ਪ੍ਰਭਾਵ ਪਵੇਗਾ ਅਤੇ ਮੈਂ ਵਿਸ਼ਵਾਸ ਨਾਲ ਕਹਿ ਸਕਦਾ ਹਾਂ ਕਿ ਦੇਸ਼ ਦੇ ਵਿਕਾਸ ਨਾਲ ਜੁੜੇ ਮਾਮਲਿਆਂ ਨੂੰ ਜਨਤਾ ਦੀ ਨਜ਼ਰ ਤੋਂ ਲੁਕਾਉਣ ਦਾ ਪ੍ਰਭਾਵ ਰਾਸ਼ਟਰੀ ਏਕਤਾ ਦੀ ਭਾਵਨਾ ਦੀ ਪ੍ਰਗਤੀ ਵਿੱਚ ਵੀ ਰੁਕਾਵਟ ਪੈਦਾ ਕਰੇਗਾ। ਪਰ ਸਾਈਮਨ ਕਮਿਸ਼ਨ ਦੁਆਰਾ ਪ੍ਰਸਤਾਵਿਤ ਪ੍ਰਣਾਲੀ ਦੇ ਜੋ ਵੀ ਪ੍ਰਭਾਵ ਜਾਂ ਮਾੜੇ ਪ੍ਰਭਾਵ ਵਧੇਰੇ ਪ੍ਰਮੁੱਖ ਹਨ, ਇਹ ਪ੍ਰਣਾਲੀ ਕੇਂਦਰੀ ਵਿਧਾਨ ਸਭਾ ਦੇ ਗਠਨ ਵਿੱਚ ਜ਼ਰੂਰ ਲਾਗੂ ਕੀਤੀ ਜਾਵੇਗੀ। ਇੱਕੋ ਇੱਕ ਸਵਾਲ ਇਹ ਹੈ ਕਿ ਇਹ ਪ੍ਰਣਾਲੀ ਕਿੱਥੇ ਵਧੇਰੇ ਢੁਕਵੀਂ ਹੋਵੇਗੀ, ਵਿਧਾਨ ਸਭਾ ਲਈ ਜਾਂ ਰਾਜ ਸਭਾ ਲਈ? ਇਹ ਸਭ ਜਾਣਦੇ ਹਨ ਕਿ ਇਸਨੂੰ ਦੋਵਾਂ ਵਿੱਚ ਲਾਗੂ ਨਹੀਂ ਕੀਤਾ ਜਾ ਸਕਦਾ ਕਿਉਂਕਿ ਅਸਿੱਧੇ ਚੋਣ ਦੀ ਸਭ ਤੋਂ ਵੱਡੀ ਕਮਜ਼ੋਰੀ/ਕਮਜ਼ੋਰੀ ਇਹ ਹੈ ਕਿ ਇਹ "ਲੱਕੜ ਦੇ ਭਾਂਡੇ" ਵਾਂਗ ਇੱਕ ਵਾਰ ਵਰਤੇ ਜਾਣ ਤੋਂ ਬਾਅਦ ਖਤਮ ਹੋ ਜਾਂਦੀ ਹੈ। ਫੈਸਲਾ ਲੈਣ ਵਾਲਾ ਪ੍ਰਤੀਨਿਧੀ ਚੋਣ ਵਿੱਚ ਸਿਰਫ਼ ਇੱਕ ਵਾਰ ਵੋਟਰ ਤੋਂ ਦੂਰੀ ਬਣਾ ਕੇ ਸੱਚਾਈ ਦਿਖਾ ਸਕਦਾ ਹੈ। ਜੇਕਰ ਵੋਟਰ ਦੂਜੀ ਵਾਰ ਵੋਟਰ ਤੋਂ ਦੂਰੀ ਬਣਾ ਕੇ ਪ੍ਰਤੀਨਿਧੀ ਨੂੰ ਨਾਮਜ਼ਦ ਕਰਦਾ ਹੈ, ਤਾਂ ਸੱਚਾਈ ਅਤੇ ਭਰੋਸੇਯੋਗਤਾ ਦੋਵੇਂ ਖਤਮ ਹੋ ਜਾਂਦੇ ਹਨ। ਇਸਦਾ ਮਤਲਬ ਹੈ ਕਿ ਜੇਕਰ ਦੇਸ਼ ਵਿਧਾਨ ਸਭਾ ਅਤੇ ਰਾਜ ਸਭਾ ਦੋਵਾਂ ਦਾ ਫੈਸਲਾ ਕਰਦਾ ਹੈ ਅਤੇ ਅਸੀਂ ਇਸ ਪ੍ਰਣਾਲੀ ਨੂੰ ਲੋਕ ਸਭਾ ਅਤੇ ਵਿਧਾਨ ਸਭਾਵਾਂ ਵਿੱਚ ਵਰਤਦੇ ਹਾਂ, ਤਾਂ ਸਾਡੇ ਕੋਲ ਰਾਜ ਸਭਾ ਦੀ ਚੋਣ ਲਈ ਕੋਈ ਸਰੋਤ ਨਹੀਂ ਬਚਣਗੇ। ਇਸ ਸਮੇਂ ਰਾਜ ਪ੍ਰੀਸ਼ਦ ਇੱਕ ਬੁਰੀ ਅਸੰਗਤੀ ਹੈ ਅਤੇ ਜੇਕਰ ਇਸਨੂੰ ਕਾਨੂੰਨ ਬਣਾਉਣ ਵਿੱਚ ਆਪਣੀ ਜ਼ਿੰਮੇਵਾਰੀ ਨਿਭਾਉਣੀ ਹੈ, ਤਾਂ ਇਸਨੂੰ ਭਾਰਤ ਸਰਕਾਰ ਵਿੱਚ ਇਸਦੇ ਮੌਜੂਦਾ ਰੂਪ ਵਿੱਚ ਜਾਰੀ ਰਹਿਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਜੇਕਰ ਮੈਂ ਆਪਣੀ ਸੋਚ ਵਿੱਚ ਸਹੀ ਹਾਂ, ਤਾਂ ਸਭ ਤੋਂ ਵਧੀਆ ਹੱਲ ਸਿੱਧੀ ਪ੍ਰਣਾਲੀ ਅਧੀਨ ਵਿਧਾਨ ਪ੍ਰੀਸ਼ਦ ਦੀ ਚੋਣ ਅਤੇ ਅਸਿੱਧੀ ਪ੍ਰਣਾਲੀ ਅਧੀਨ ਰਾਜ ਪ੍ਰੀਸ਼ਦ ਦੀ ਚੋਣ ਜਾਪਦੀ ਹੈ। ਕੇਂਦਰੀ ਪ੍ਰੀਸ਼ਦ ਦੇ ਗਠਨ ਲਈ ਅੰਤ ਵਿੱਚ ਕਿਸ ਆਧਾਰ 'ਤੇ ਵਿਧੀ ਚੁਣੀ ਜਾਂਦੀ ਹੈ। ਅਸਿੱਧੀ ਚੋਣ ਦਲਿਤ ਵਰਗ ਦੇ ਪ੍ਰਤੀਨਿਧੀ ਦੀ ਚੋਣ ਲਈ ਸਭ ਤੋਂ ਆਸਾਨ ਪ੍ਰਕਿਰਿਆ ਹੈ, ਭਾਵੇਂ ਇਹ ਕਿਸੇ ਵੀ ਸਦਨ ਲਈ ਹੋਵੇ। ਸਾਡੇ ਕੋਲ ਇਸ ਨਤੀਜੇ 'ਤੇ ਅਫਸੋਸ ਕਰਨ ਦਾ ਕੋਈ ਕਾਰਨ ਨਹੀਂ ਹੈ। ਕਿਉਂਕਿ ਇਹ ਪਹਿਲਾਂ ਤੋਂ ਮੌਜੂਦ ਨਾਮਜ਼ਦਗੀ ਪ੍ਰਣਾਲੀ ਦੇ ਮੁਕਾਬਲੇ ਕਾਫ਼ੀ ਸੁਧਾਰ ਹੋਵੇਗਾ।

20. ਸੂਬਾਈ ਪ੍ਰੀਸ਼ਦਾਂ ਵਿੱਚ ਦਲਿਤ ਵਰਗ ਦੀ ਪ੍ਰਤੀਨਿਧਤਾ ਜਿਵੇਂ ਕਿ ਉਹ ਹੁਣ ਗਠਿਤ ਹਨ, ਬਹੁਤ ਘੱਟ ਹੈ। 1919 ਦੀ ਸਾਊਥ ਬੋਰੋ ਕਮੇਟੀ ਨੇ ਇਸ ਮਾਮਲੇ ਵਿੱਚ ਦਲਿਤਾਂ ਨਾਲ ਬਹੁਤ ਵੱਡਾ ਅਨਿਆਂ ਕੀਤਾ ਅਤੇ ਭਾਰਤ ਸਰਕਾਰ ਨੇ ਵੀ ਇਸ ਤਰਸਯੋਗ ਨਿਸ਼ਚਿਤ ਹਿੱਸੇ ਵਿੱਚ ਵਾਧੇ ਦੀ ਸਿਫਾਰਸ਼ ਕੀਤੀ। ਪਰ ਅਨਿਆਂ ਦੀ ਇਹ ਸਥਿਤੀ ਉਹੀ ਰਹੀ।

1923 ਦੀ ਮੁੱਦੀਮਾਨ ਕਮੇਟੀ ਨੇ ਦੇਖਿਆ ਕਿ ਕੌਂਸਲਾਂ ਵਿੱਚ ਦਲਿਤ ਵਰਗ ਦੀ ਪ੍ਰਤੀਨਿਧਤਾ ਬਹੁਤ ਹੀ ਨਾਮਾਤਰ ਸੀ ਅਤੇ ਸੁਝਾਅ ਦਿੱਤਾ ਕਿ ਇਸਨੂੰ ਵੱਡੇ ਪੱਧਰ 'ਤੇ ਵਧਾਇਆ ਜਾਣਾ ਚਾਹੀਦਾ ਹੈ। ਪਰ ਕੁਝ ਥਾਵਾਂ 'ਤੇ ਇੱਕ ਜਾਂ ਦੋ ਪ੍ਰਤੀਨਿਧੀਆਂ ਨੂੰ ਜੋੜਨ ਤੋਂ ਇਲਾਵਾ, ਸ਼ਿਕਾਇਤ ਨੂੰ ਦੂਰ ਕਰਨ ਲਈ ਕੋਈ ਕਦਮ ਨਹੀਂ ਚੁੱਕੇ ਗਏ। ਦਲਿਤ ਵਰਗ ਦੀ ਕਮਜ਼ੋਰ ਸਥਿਤੀ ਕਾਰਨ, ਉਨ੍ਹਾਂ

"ਇਕੁਐਲਿਟੀ ਐਂਡ ਜਸਟਿਸ" "Equality and Justice" Rs- 100/month ਸਵਤੰਤ੍ਰਤਾ, ਸਮਾਨਤਾ, ਭਾਈਚਾਰਾ

ਨੂੰ ਸਰਕਾਰੀ ਦਫ਼ਤਰਾਂ ਤੋਂ ਸਹਾਇਤਾ ਲੈਣ ਲਈ ਕਿਹਾ ਗਿਆ। ਤਜਰਬੇ ਨੇ ਸਾਨੂੰ ਸਿਖਾਇਆ ਹੈ ਕਿ ਸਰਕਾਰੀ ਸੇਵਕ ਸਾਡੇ ਜਾਂ ਕਿਸੇ ਦੇ ਦੋਸਤ ਨਹੀਂ ਹਨ, ਸਗੋਂ ਉਹ ਉਨ੍ਹਾਂ ਦੇ ਆਪਣੇ ਦੋਸਤ ਹਨ ਅਤੇ ਉਨ੍ਹਾਂ ਦੀ ਦੋਸਤੀ ਉਨ੍ਹਾਂ ਦੇ ਸਵਾਰਥੀ ਹਿੱਤਾਂ ਨਾਲ ਜੁੜੀ ਹੋਈ ਹੈ। ਮੈਨੂੰ ਇਹ ਕਹਿੰਦੇ ਹੋਏ ਦੁੱਖ ਹੋ ਰਿਹਾ ਹੈ ਕਿ ਪਿਛਲੇ ਦਸ ਸਾਲਾਂ ਵਿੱਚ ਸਰਕਾਰੀ ਸੇਵਕਾਂ ਨੇ ਦਲਿਤ ਵਰਗ ਤੋਂ ਉਨ੍ਹਾਂ ਨੂੰ ਦਿੱਤੇ ਗਏ ਲਾਭ ਨਾਲੋਂ ਵੱਧ ਪ੍ਰਾਪਤ ਕੀਤਾ ਹੈ। ਭਾਵੇਂ ਇਹ ਕੁਝ ਵੀ ਹੋਵੇ, ਹੁਣ ਭਵਿੱਖ ਵਿੱਚ ਭਾਰਤੀ ਸੰਵਿਧਾਨ ਦੇ ਤਹਿਤ ਦਲਿਤ ਵਰਗ ਨੂੰ ਸਰਕਾਰੀ ਸੇਵਕਾਂ ਤੋਂ ਇਹ ਸ਼ੱਕੀ ਲਾਭ ਨਹੀਂ ਮਿਲਣ ਵਾਲਾ ਹੈ, ਤਾਂ ਕੀ ਇਹ ਸਿਰਫ਼ ਇਹ ਨਹੀਂ ਹੋਵੇਗਾ ਕਿ ਦਲਿਤ ਵਰਗ ਨੂੰ ਹਰ ਘੱਟ ਗਿਣਤੀ ਵਰਗ ਵਾਂਗ ਢੁਕਵੀਂ ਪ੍ਰਤੀਨਿਧਤਾ ਦਿੱਤੀ ਜਾਵੇ? ਸਾਈਮਨ ਕਮਿਸ਼ਨ ਰਾਜ ਸਭਾ ਵਿੱਚ ਦਲਿਤ ਵਰਗ ਨੂੰ ਕਿੰਨੀ ਪ੍ਰਤੀਨਿਧਤਾ ਦੇਣ ਲਈ ਤਿਆਰ ਹੈ? ਉਨ੍ਹਾਂ ਕਿਹਾ ਹੈ ਕਿ, "ਭਾਰਤ ਦੇ ਜਨਰਲ ਵਰਗ ਅਧੀਨ ਕੁੱਲ ਸੀਟਾਂ ਦੀ ਗਿਣਤੀ ਵਿੱਚ ਦਲਿਤ ਵਰਗ ਲਈ ਰਾਖਵੀਆਂ ਸੀਟਾਂ ਦਾ ਅਨੁਪਾਤ ਤਿੰਨ-ਚੌਥਾਈ ਹੋਵੇਗਾ ਯਾਨੀ ਕਿ ਦਲਿਤ ਵਰਗ ਦੀ ਆਬਾਦੀ ਅਤੇ ਹਲਕੇ ਦੀ ਕੁੱਲ ਆਬਾਦੀ ਦੇ ਅਨੁਪਾਤ ਦਾ 75%"। ਹੁਣ ਦੇਖਦੇ ਹਾਂ ਕਿ ਸਾਈਮਨ ਕਮਿਸ਼ਨ ਨੇ ਭਾਰਤ ਦੀਆਂ ਘੱਟ ਗਿਣਤੀਆਂ ਨੂੰ ਕੀ ਦਿੱਤਾ।

ਕਾਂਗਰਸ ਦੇ ਸਖ਼ਤ ਵਿਰੋਧ ਨੂੰ ਨਜ਼ਰਅੰਦਾਜ਼ ਕਰਦੇ ਹੋਏ, ਲਖਨਊ ਸਮਝੌਤੇ ਅਧੀਨ ਮੁਸਲਿਮ ਘੱਟ ਗਿਣਤੀਆਂ ਨੂੰ ਉਨ੍ਹਾਂ ਦੀ ਆਬਾਦੀ ਦੇ ਅਨੁਪਾਤ ਨਾਲੋਂ ਕਿਤੇ ਜ਼ਿਆਦਾ ਪ੍ਰਤੀਨਿਧਤਾ ਦੇਣ ਦੇ ਹੁਕਮ ਨੂੰ ਉਵੇਂ ਹੀ ਛੱਡ ਦਿੱਤਾ ਗਿਆ। ਕਮਿਸ਼ਨ ਨੇ ਭਾਰਤੀ ਈਸਾਈਆਂ, ਐਂਗਲੋ-ਇੰਡੀਅਨਾਂ ਅਤੇ ਯੂਰਪੀਅਨਾਂ ਨੂੰ ਉਨ੍ਹਾਂ ਦੀ ਆਬਾਦੀ ਦੇ ਅਨੁਪਾਤ ਨਾਲੋਂ ਕਿਤੇ ਜ਼ਿਆਦਾ ਤਰਜੀਹੀ ਵਿਵਹਾਰ ਦਿੱਤਾ ਹੈ। ਕੀ ਇਹ ਇੱਕ ਸ਼ਰਮਨਾਕ ਅਪਵਾਦ ਨਹੀਂ ਹੈ? ਰੁਕਾਵਟਾਂ ਨਾਲ ਘਿਰੇ ਇਸ ਸਮਾਜ ਪ੍ਰਤੀ ਹਮਦਰਦੀ ਦਿਖਾਉਣ ਤੋਂ ਦੂਰ, ਕੀ ਉਹ ਇੱਕ ਨਿਰਪੱਖ ਹਿੱਸੇ ਦੇ ਵੀ ਹੱਕਦਾਰ ਨਹੀਂ ਹਨ? ਇੱਥੋਂ ਤੱਕ ਕਿ ਭਾਰਤੀ ਕੇਂਦਰੀ ਕਮੇਟੀ ਨੇ ਵੀ ਦਲਿਤ ਵਰਗ ਨੂੰ ਉਨ੍ਹਾਂ ਦੀ ਆਬਾਦੀ ਦੇ ਅਨੁਪਾਤ ਵਿੱਚ ਪ੍ਰਤੀਨਿਧਤਾ ਦੇਣ ਦੀ ਸਿਫਾਰਸ਼ ਕੀਤੀ ਹੈ ਅਤੇ ਜੇਕਰ ਇਹ ਸਵੀਕਾਰ ਕਰ ਲਿਆ ਜਾਂਦਾ ਹੈ ਤਾਂ ਸਾਨੂੰ ਘੱਟੋ-ਘੱਟ ਹਰ ਘੱਟ ਗਿਣਤੀ ਦੇ ਬਰਾਬਰ ਮਿਲੇਗਾ।

21. ਕੇਂਦਰੀ ਪ੍ਰੀਸ਼ਦ ਦੇ ਦਰਵਾਜ਼ੇ ਸ਼ੁਰੂ ਤੋਂ ਹੀ ਦਲਿਤਾਂ ਲਈ ਬੰਦ ਰਹੇ ਹਨ ਅਤੇ ਜਦੋਂ 1921 ਵਿੱਚ ਪ੍ਰਸਿੱਧੀ ਦੇ ਆਧਾਰ 'ਤੇ ਨਵੇਂ ਨਿਯਮ ਬਣਾਏ ਗਏ ਸਨ, ਤਾਂ ਵੀ ਉਹ ਦਲਿਤਾਂ ਲਈ ਬੰਦ ਰਹੇ। 1926 ਤੱਕ ਦਲਿਤਾਂ ਲਈ ਕੁਝ ਨਹੀਂ ਹੋਇਆ, ਜਦੋਂ ਉਨ੍ਹਾਂ ਨੂੰ 150 ਮੈਂਬਰਾਂ ਵਾਲੀ ਵਿਧਾਨ ਸਭਾ ਵਿੱਚ ਇੱਕ ਮੈਂਬਰ ਚੁਣਨ ਦਾ ਅਧਿਕਾਰ ਦੇ ਕੇ ਉਨ੍ਹਾਂ 'ਤੇ ਇੱਕ ਅਹਿਸਾਨ ਕੀਤਾ ਗਿਆ। ਰਾਜ ਸਭਾ ਦੇ ਦਰਵਾਜ਼ੇ ਅਜੇ ਵੀ ਉਨ੍ਹਾਂ ਲਈ ਬੰਦ ਹਨ। ਸਾਈਮਨ ਕਮਿਸ਼ਨ ਨੇ ਦਲਿਤਾਂ ਲਈ ਕੇਂਦਰੀ ਪ੍ਰੀਸ਼ਦ ਵਿੱਚ ਕੁਝ ਸੀਟਾਂ ਲਈ ਪ੍ਰਬੰਧ ਕਰਕੇ ਇੱਕ ਕੋਸ਼ਿਸ਼ ਕੀਤੀ ਹੈ। ਪਰ ਇਹ ਪ੍ਰਬੰਧ ਸਿਰਫ਼ ਵਿਧਾਨ ਸਭਾ ਲਈ ਹਨ ਅਤੇ ਰਾਜ ਸਭਾ 'ਤੇ ਲਾਗੂ ਨਹੀਂ ਹੁੰਦੇ। ਜਦੋਂ ਕਿ ਮੈਂ ਉਨ੍ਹਾਂ ਦੁਆਰਾ ਦਿਖਾਈ ਗਈ ਦਿਆਲਤਾ ਲਈ ਉਨ੍ਹਾਂ ਦਾ ਧੰਨਵਾਦੀ ਹਾਂ, ਮੈਂ ਉਨ੍ਹਾਂ ਦੀ ਕੰਜੂਸੀ ਦੀ ਸ਼ਿਕਾਇਤ ਕਰਦਾ ਹਾਂ। ਤੁਹਾਨੂੰ ਯਾਦ ਹੋਵੇਗਾ ਕਿ ਜਿਸ ਸਮੇਂ ਸਾਈਮਨ ਕਮਿਸ਼ਨ ਦੀ ਨਿਯੁਕਤੀ ਕੀਤੀ ਗਈ ਸੀ, ਉਸ ਸਮੇਂ ਦਲਿਤ ਵਰਗ ਦੀ ਜਨਗਣਨਾ ਦਾ ਲੇਖਾ-ਜੋਖਾ ਕੀਤਾ ਗਿਆ ਸੀ ਜਿਸ ਵਿੱਚ ਸਾਰੇ ਲੋਕਾਂ ਅਤੇ ਸਰਕਾਰ ਨੇ ਦਾਅਵਾ ਕੀਤਾ ਸੀ ਕਿ ਜਨਗਣਨਾ ਵਿੱਚ ਪਾਏ ਗਏ ਦਲਿਤਾਂ ਦੀ ਗਿਣਤੀ ਅਸਲ ਆਬਾਦੀ ਤੋਂ ਵੱਧ ਸੀ। ਸਾਈਮਨ ਕਮਿਸ਼ਨ ਦੁਆਰਾ ਦਰਜ ਕੀਤੀ ਗਈ ਘੱਟੋ-ਘੱਟ ਦਲਿਤ ਆਬਾਦੀ ਬ੍ਰਿਟਿਸ਼ ਭਾਰਤ ਦੀ ਆਬਾਦੀ ਦਾ 20 ਪ੍ਰਤੀਸ਼ਤ ਪਾਈ ਗਈ ਸੀ। ਪਰ ਸਾਈਮਨ ਕਮਿਸ਼ਨ ਦੁਆਰਾ ਸੁਝਾਈ ਗਈ ਵਿਵਸਥਾ ਵਿਧਾਨ ਸਭਾ ਵਿੱਚ ਦਲਿਤਾਂ ਦੀ 8 ਪ੍ਰਤੀਸ਼ਤ ਤੱਕ ਪ੍ਰਤੀਨਿਧਤਾ ਲਈ ਹੈ ਅਤੇ ਰਾਜ ਸਭਾ ਵਿੱਚ ਪ੍ਰਤੀਨਿਧਤਾ ਦਾ ਕੋਈ ਜ਼ਿਕਰ ਨਹੀਂ ਹੈ।

22. ਮੈਂ ਸਾਈਮਨ ਕਮਿਸ਼ਨ ਦੁਆਰਾ ਸਾਡੇ ਦਾਅਵਿਆਂ ਅਤੇ ਜ਼ਰੂਰਤਾਂ ਦੇ ਇਸ ਯੋਜਨਾਬੱਧ ਘੱਟ ਮੁੱਲਾਂਕਣ ਨੂੰ ਸਮਝਣ ਤੋਂ ਅਸਮਰੱਥ ਹਾਂ। ਅਸੀਂ ਸਾਰੇ ਉਮੀਦ ਕਰਦੇ ਸੀ ਕਿ ਸਾਈਮਨ ਕਮਿਸ਼ਨ ਦਲਿਤਾਂ ਨੂੰ ਨਾ ਸਿਰਫ਼ ਇਨਸਾਫ਼ ਦੇਵੇਗਾ, ਸਗੋਂ ਦਇਆ ਦਿਖਾ ਕੇ ਉਨ੍ਹਾਂ ਨੂੰ ਹੋਰ

ਲੇਖ ਦਾ ਬਾਕੀ ਭਾਗ 5 ਨੰਬਰ ਪੇਜ਼ ਤੇ

# ਸਾਈਮਨ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਦਾ ਇੱਕ ਆਲੋਚਨਾਤਮਕ ਵਿਸ਼ਲੇਸ਼ਣ: ਦਲਿਤਾਂ ਦੀ ਰਾਜਨੀਤਿਕ ਪ੍ਰਤੀਨਿਧਤਾ ਦੇ ਵਿਸ਼ੇਸ਼ ਹਵਾਲੇ ਨਾਲ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 28 ਨਵੰਬਰ
INTERNATIONAL PAPER, 9463601616
hardipchumber57@gmail.com

Eng. Hardip Singh Chumber

## 1. ਜਾਣ-ਪਛਾਣ: ਇੱਕ ਹਮਦਰਦੀ ਵਾਲਾ ਦ੍ਰਿਸ਼ਟੀਕੋਣ, ਪਰ ਨਿਰਾਸ਼ਾਜਨਕ ਪ੍ਰਸਤਾਵ

ਸਾਈਮਨ ਕਮਿਸ਼ਨ ਨੇ ਦਲਿਤਾਂ ਲਈ ਸੰਵਿਧਾਨਕ ਸੁਰੱਖਿਆ ਦੇ ਮੁੱਦੇ 'ਤੇ ਇੱਕ ਹਮਦਰਦੀ ਵਾਲਾ ਦ੍ਰਿਸ਼ਟੀਕੋਣ ਦਿਖਾਇਆ, ਜੋ ਕਿ ਮੋਂਟਫੋਰਡ ਰਿਪੋਰਟ ਨਾਲੋਂ ਇੱਕ ਮਹੱਤਵਪੂਰਨ ਸੁਧਾਰ ਹੈ। ਕਮਿਸ਼ਨ ਨੇ ਸਕੂਲਾਂ ਅਤੇ ਖੂਹਾਂ ਤੱਕ ਪਹੁੰਚ ਵਰਗੀਆਂ ਸਮੱਸਿਆਵਾਂ ਨੂੰ ਉਜਾਗਰ ਕਰਦੇ ਹੋਏ, ਦਲਿਤਾਂ ਦੀ ਦੁਰਦਸ਼ਾ ਨੂੰ ਦਰਸਾਉਣ ਦੀ ਕੋਸ਼ਿਸ਼ ਕੀਤੀ। ਸ਼ਲਾਘਾਯੋਗ ਹੋਣ ਦੇ ਬਾਵਜੂਦ, ਇਹ ਚਿੱਤਰਣ ਇਹਨਾਂ ਭਾਈਚਾਰਿਆਂ ਦੁਆਰਾ ਦਰਪੇਸ਼ ਕਈ ਸ਼ਿਕਾਇਤਾਂ ਦੇ ਇੱਕ ਛੋਟੇ ਜਿਹੇ ਹਿੱਸੇ ਨੂੰ ਦਰਸਾਉਂਦਾ ਹੈ। ਕਮਿਸ਼ਨ ਆਪਣੇ ਪੂਰਵਜਾਂ ਨਾਲੋਂ ਦਲਿਤਾਂ ਲਈ ਸੰਵਿਧਾਨਕ ਸੁਰੱਖਿਆ ਦੀ ਜ਼ਰੂਰਤ ਨੂੰ ਬਿਹਤਰ ਢੰਗ ਨਾਲ ਸਮਝਦਾ ਸੀ। ਹਾਲਾਂਕਿ, ਜਦੋਂ ਰਾਜਨੀਤਿਕ ਪ੍ਰਤੀਨਿਧਤਾ ਲਈ ਠੋਸ ਪ੍ਰਸਤਾਵ ਪ੍ਰਦਾਨ ਕਰਨ ਦੀ ਗੱਲ ਆਈ, ਤਾਂ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਨੇ ਭਾਈਚਾਰੇ ਨੂੰ ਬੁਰੀ ਤਰ੍ਹਾਂ ਨਿਰਾਸ਼ ਕੀਤਾ। ਪ੍ਰਤੀਨਿਧਤਾ ਦਾ ਪ੍ਰਸਤਾਵਿਤ ਤਰੀਕਾ ਅਤੇ ਨਿਰਧਾਰਤ ਸੀਟਾਂ ਦੀ ਗਿਣਤੀ ਦੋਵੇਂ ਦਲਿਤਾਂ ਲਈ ਅਰਥਪੂਰਨ ਰਾਜਨੀਤਿਕ ਅਧਿਕਾਰਾਂ ਨੂੰ ਸੁਰੱਖਿਅਤ ਕਰਨ ਵਿੱਚ ਪੂਰੀ ਤਰ੍ਹਾਂ ਅਸਫਲ ਰਹੇ, ਕਮਿਸ਼ਨ ਦੀ ਹਮਦਰਦੀ ਨੂੰ ਖੋਖਲਾ ਕਰ ਦਿੱਤਾ। ਇਹ ਵਿਸ਼ਲੇਸ਼ਣ ਕਮਿਸ਼ਨ ਦੁਆਰਾ ਪ੍ਰਸਤਾਵਿਤ ਖਾਸ ਪ੍ਰਤੀਨਿਧਤਾ ਪ੍ਰਣਾਲੀਆਂ ਅਤੇ ਸੀਟਾਂ ਦੀ ਵੰਡ ਦਾ ਮੁਲਾਂਕਣ ਕਰੇਗਾ ਤਾਂ ਜੋ ਇਹਨਾਂ ਪ੍ਰਸਤਾਵਾਂ ਦੀਆਂ ਗੰਭੀਰ ਕਮੀਆਂ ਨੂੰ ਉਜਾਗਰ ਕੀਤਾ ਜਾ ਸਕੇ।

## 2. ਪ੍ਰਸਤਾਵਿਤ ਪ੍ਰਤੀਨਿਧਤਾ ਪ੍ਰਣਾਲੀ ਦਾ ਮੁਲਾਂਕਣ

ਕਿਸੇ ਵੀ ਭਾਈਚਾਰੇ ਲਈ ਰਾਜਨੀਤਿਕ ਸੁਰੱਖਿਆ ਦਾ ਮੂਲ ਉਸਦੀ ਪ੍ਰਤੀਨਿਧਤਾ ਪ੍ਰਣਾਲੀ ਦੀ ਨਿਰਪੱਖਤਾ ਅਤੇ ਪ੍ਰਭਾਵਸ਼ੀਲਤਾ ਵਿੱਚ ਹੈ। ਇੱਕ ਪ੍ਰਣਾਲੀ ਜੋ ਭਾਈਚਾਰੇ ਨੂੰ ਆਪਣੇ ਸੱਚੇ ਪ੍ਰਤੀਨਿਧੀ ਚੁਣਨ ਦੇ ਅਧਿਕਾਰ ਤੋਂ ਇਨਕਾਰ ਕਰਦੀ ਹੈ, ਕਿਸੇ ਵੀ ਸੁਰੱਖਿਆ ਨੂੰ ਅਰਥਹੀਣ ਬਣਾ ਦਿੰਦੀ ਹੈ। ਸਾਈਮਨ ਕਮਿਸ਼ਨ ਦੁਆਰਾ ਪ੍ਰਸਤਾਵਿਤ ਚੋਣ ਪ੍ਰਣਾਲੀ ਗੰਭੀਰ ਖਾਮੀਆਂ ਤੋਂ ਪੀੜਤ ਸੀ। ਇਹ ਭਾਗ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਵਿੱਚ ਦੋ ਵੱਡੀਆਂ ਖਾਮੀਆਂ ਦਾ ਵਿਸ਼ਲੇਸ਼ਣ ਕਰੇਗਾ: ਪਹਿਲਾ, ਨਾਮਜ਼ਦਗੀ ਦੀ ਨੁਕਸਦਾਰ ਪ੍ਰਣਾਲੀ ਨੂੰ ਕਾਇਮ ਰੱਖਣਾ, ਅਤੇ ਦੂਜਾ, ਉਮੀਦਵਾਰਾਂ 'ਤੇ ਇੱਕ ਵਿਤਕਰੇ ਵਾਲੀ 'ਪ੍ਰਮਾਣੀਕਰਨ' ਲੋੜ ਨੂੰ ਲਾਗੂ ਕਰਨਾ, ਜਿਸ ਨੇ ਚੋਣ ਦੀ ਧਾਰਨਾ ਨੂੰ ਵਿਗਾੜ ਦਿੱਤਾ।

2.1 ਨਾਮਜ਼ਦਗੀ ਪ੍ਰਣਾਲੀ ਦੀ ਨਿਰੰਤਰਤਾ ਅਤੇ ਇਸ ਦੇ ਅੰਦਰੂਨੀ ਨੁਕਸ

ਭਾਰਤ ਭਰ ਤੋਂ ਕਮਿਸ਼ਨ ਦੇ ਸਾਹਮਣੇ ਪੇਸ਼ ਕੀਤੇ ਗਏ ਸਬੂਤਾਂ ਵਿੱਚ ਨਾਮਜ਼ਦਗੀ ਦੀ ਮੌਜੂਦਾ ਪ੍ਰਣਾਲੀ ਦੀ ਵਿਆਪਕ ਤੌਰ 'ਤੇ ਨਿੰਦਾ ਕੀਤੀ ਗਈ ਸੀ, ਫਿਰ ਵੀ ਕਮਿਸ਼ਨ ਨੇ ਇਸ "ਬੁਰੀ ਪ੍ਰਣਾਲੀ" ਨੂੰ ਪੂਰੀ ਤਰ੍ਹਾਂ ਖਤਮ ਕਰਨ ਤੋਂ ਇਨਕਾਰ ਕਰ ਦਿੱਤਾ। ਇਸ ਦੀ ਬਜਾਏ, ਕਮਿਸ਼ਨ ਨੇ ਸਿਫ਼ਾਰਸ਼ ਕੀਤੀ ਕਿ ਜੇਕਰ ਕਿਸੇ ਹਲਕੇ ਵਿੱਚ ਦਲਿਤ ਭਾਈਚਾਰੇ ਦਾ ਕੋਈ "ਢੁਕਵਾਂ ਉਮੀਦਵਾਰ" ਨਹੀਂ ਮਿਲਦਾ, ਤਾਂ ਰਾਜਪਾਲ ਨੂੰ ਦਲਿਤ ਭਾਈਚਾਰੇ ਦਾ ਪ੍ਰਤੀਨਿਧੀ ਨਾਮਜ਼ਦ ਕਰਨ ਦਾ ਅਧਿਕਾਰ ਹੋਵੇਗਾ। ਇਸ ਪ੍ਰਣਾਲੀ ਨੂੰ ਬਣਾਈ ਰੱਖਣ ਦੇ ਗੰਭੀਰ ਨਤੀਜੇ ਨਿਕਲਦੇ ਹਨ, ਜਿਨ੍ਹਾਂ ਨੂੰ ਕਮਿਸ਼ਨ ਨੇ ਅਣਡਿੱਠਾ ਕਰ ਦਿੱਤਾ:

* ਨਾਗਰਿਕ ਆਜ਼ਾਦੀਆਂ ਦੀ ਉਲੰਘਣਾ: ਇਹ ਪ੍ਰਣਾਲੀ ਦਲਿਤਾਂ ਨੂੰ ਆਪਣੀ ਪਸੰਦ ਦੇ ਯੋਗ ਪ੍ਰਤੀਨਿਧੀਆਂ ਦੀ ਚੋਣ ਕਰਨ ਦੇ ਉਨ੍ਹਾਂ ਦੇ ਮੌਲਿਕ ਅਧਿਕਾਰ ਤੋਂ ਵਾਂਝਾ ਕਰਦੀ ਹੈ, ਜੋ ਉਨ੍ਹਾਂ ਦੀ ਨਾਗਰਿਕ ਆਜ਼ਾਦੀਆਂ ਦੀ ਸਪੱਸ਼ਟ ਉਲੰਘਣਾ ਹੈ।
* ਪ੍ਰਤੀਨਿਧੀਆਂ ਦੀ ਆਜ਼ਾਦੀ ਦੀ ਘਾਟ: ਨਾਮਜ਼ਦ ਪ੍ਰਤੀਨਿਧੀਆਂ ਕੋਲ ਸਰਕਾਰ ਦੇ ਵਿਰੁੱਧ ਸੁਤੰਤਰ ਤੌਰ 'ਤੇ ਕੰਮ ਕਰਨ ਦੀ ਯੋਗਤਾ ਦੀ ਘਾਟ ਹੈ। ਉਨ੍ਹਾਂ ਦੀ ਸਥਿਤੀ ਨਿਯੁਕਤੀ ਕਰਨ ਵਾਲੇ ਅਧਿਕਾਰੀ 'ਤੇ ਨਿਰਭਰ ਕਰਦੀ ਹੈ, ਜੋ ਉਨ੍ਹਾਂ ਨੂੰ ਆਪਣੇ ਭਾਈਚਾਰੇ ਦੇ ਹਿੱਤਾਂ ਲਈ ਪ੍ਰਭਾਵਸ਼ਾਲੀ ਢੰਗ ਨਾਲ ਵਕਾਲਤ ਕਰਨ ਤੋਂ ਰੋਕਦੀ ਹੈ।

ਇਸ ਪ੍ਰਣਾਲੀ ਨੂੰ ਹੋਰ ਵੀ ਅਣਚਾਹੇ ਬਣਾਉਂਦੇ ਹੋਏ, ਕਮਿਸ਼ਨ ਨੇ ਇਹ ਵੀ ਸਿਫ਼ਾਰਸ਼ ਕੀਤੀ ਕਿ ਰਾਜਪਾਲ ਦਲਿਤ ਭਾਈਚਾਰਿਆਂ ਦੀ ਨੁਮਾਇੰਦਗੀ ਲਈ ਇੱਕ ਗੈਰ-ਦਲਿਤ ਵਿਅਕਤੀ ਨੂੰ ਨਾਮਜ਼ਦ ਕਰ ਸਕਦਾ ਹੈ। ਇਹ ਪ੍ਰਸਤਾਵ ਭਾਈਚਾਰੇ ਦੇ ਸਵੈ-ਪ੍ਰਤੀਨਿਧਤਾ ਦੇ ਅਧਿਕਾਰ ਦੀ ਪੂਰੀ ਤਰ੍ਹਾਂ ਅਣਦੇਖੀ ਸੀ।

2.2 ਉਮੀਦਵਾਰ 'ਪ੍ਰਮਾਣੀਕਰਨ' ਸ਼ਰਤ: ਇੱਕ ਭੇਸ ਬਦਲੀ ਨਾਮਜ਼ਦਗੀ

ਕਮਿਸ਼ਨ ਨੇ ਸਾਂਝੇ ਹਲਕਿਆਂ ਵਿੱਚ ਰਾਖਵੀਆਂ ਸੀਟਾਂ ਰਾਹੀਂ ਚੋਣਾਂ ਦਾ ਪ੍ਰਸਤਾਵ ਰੱਖਿਆ, ਪਰ ਇੱਕ ਗੰਭੀਰ ਸ਼ਰਤ ਲਗਾਈ: ਦਲਿਤ ਭਾਈਚਾਰੇ ਦਾ ਕੋਈ ਵੀ ਮੈਂਬਰ ਸਿਰਫ਼ ਤਾਂ ਹੀ ਉਮੀਦਵਾਰ ਬਣ ਸਕਦਾ ਹੈ ਜੇਕਰ ਉਸ ਰਾਜ ਦਾ ਰਾਜਪਾਲ ਉਨ੍ਹਾਂ ਦੀ ਯੋਗਤਾ ਨੂੰ ਪ੍ਰਮਾਣਿਤ ਕਰਦਾ ਹੈ। ਇਹ "ਪ੍ਰਮਾਣੀਕਰਨ" ਲੋੜ ਪ੍ਰਭਾਵਸ਼ਾਲੀ ਢੰਗ ਨਾਲ ਚੋਣ ਪ੍ਰਕਿਰਿਆ ਨੂੰ ਨਾਮਜ਼ਦਗੀ ਵਿੱਚ ਬਦਲ ਦਿੰਦੀ ਹੈ, ਕਿਉਂਕਿ ਉਮੀਦਵਾਰਾਂ ਦੀ ਚੋਣ ਕਰਨ ਦੀ ਅੰਤਮ ਸ਼ਕਤੀ ਵੋਟਰਾਂ ਦੀ ਬਜਾਏ ਰਾਜਪਾਲ ਦੇ ਹੱਥਾਂ ਵਿੱਚ ਕੇਂਦ੍ਰਿਤ ਹੁੰਦੀ ਹੈ।

ਇਸ ਪ੍ਰਮਾਣੀਕਰਣ ਪ੍ਰਕਿਰਿਆ ਨੂੰ ਕਿਵੇਂ ਚਲਾਇਆ ਜਾਵੇਗਾ, ਇਸ ਬਾਰੇ ਕੋਈ ਸਪੱਸ਼ਟਤਾ ਪ੍ਰਦਾਨ ਨਹੀਂ ਕੀਤੀ ਗਈ ਹੈ, ਜਿਸ ਨਾਲ ਇਸਦੀ ਦੁਰਵਰਤੋਂ ਦੀ ਸੰਭਾਵਨਾ ਬਾਰੇ ਗੰਭੀਰ ਚਿੰਤਾਵਾਂ ਪੈਦਾ ਹੁੰਦੀਆਂ ਹਨ। ਦੋ ਸੰਭਾਵਿਤ ਤਰੀਕਿਆਂ ਦਾ ਵਿਸ਼ਲੇਸ਼ਣ ਉਨ੍ਹਾਂ ਦੀਆਂ ਅੰਦਰੂਨੀ ਕਮੀਆਂ ਨੂੰ ਉਜਾਗਰ ਕਰਦਾ ਹੈ:

1. ਸੰਗਠਨਾਂ ਨਾਲ ਸਲਾਹ-ਮਸ਼ਵਰਾ: ਜੇਕਰ ਰਾਜਪਾਲ ਦਲਿਤ ਭਾਈਚਾਰਕ ਸੰਗਠਨਾਂ ਨਾਲ ਸਲਾਹ-ਮਸ਼ਵਰਾ ਕਰਦਾ ਹੈ, ਤਾਂ ਇਸ ਨਾਲ ਨਕਲੀ ਅਤੇ ਸਰਕਾਰ-ਸਮਰਥਿਤ ਸੰਗਠਨਾਂ ਦਾ ਉਭਾਰ ਹੋਵੇਗਾ। ਇਨ੍ਹਾਂ ਸੰਗਠਨਾਂ ਦਾ ਇੱਕੋ-ਇੱਕ ਉਦੇਸ਼ ਆਪਣੇ ਪਸੰਦੀਦਾ ਉਮੀਦਵਾਰਾਂ ਨੂੰ ਉਤਸ਼ਾਹਿਤ ਕਰਨਾ ਹੋਵੇਗਾ, ਭਾਵੇਂ ਉਹ ਉਮੀਦਵਾਰ ਆਮ ਲੋਕਾਂ ਲਈ ਸਵੀਕਾਰਯੋਗ ਨਾ ਹੋਣ।
2. ਰਾਜਪਾਲ ਦਾ ਵਿਵੇਕ: ਜੇਕਰ ਰਾਜਪਾਲ ਆਪਣੇ ਵਿਵੇਕ ਦੀ ਵਰਤੋਂ ਕਰਦਾ ਹੈ, ਤਾਂ ਇਹ ਸ਼ਕਤੀ ਅੰਤ ਵਿੱਚ ਮਾਮਲਤਦਾਰਾਂ ਅਤੇ ਤਹਿਸੀਲਦਾਰਾਂ ਵਰਗੇ ਹੇਠਲੇ ਪੱਧਰ ਦੇ ਅਧਿਕਾਰੀਆਂ ਨੂੰ ਸੌਂਪ ਦਿੱਤੀ ਜਾਵੇਗੀ। ਇਹ ਸਭ ਜਾਣਿਆ ਜਾਂਦਾ ਹੈ ਕਿ ਇਨ੍ਹਾਂ ਅਧਿਕਾਰੀਆਂ ਦਾ ਅਕਸਰ ਦਲਿਤ ਭਾਈਚਾਰਿਆਂ ਅਤੇ ਉਨ੍ਹਾਂ ਦੇ ਬੁੱਧੀਜੀਵੀਆਂ ਪ੍ਰਤੀ ਵਿਗੜਿਆ ਨਜ਼ਰੀਆ ਹੁੰਦਾ ਹੈ। ਇਸ ਲਈ, ਇਹ ਕਲਪਨਾ ਕਰਨਾ ਆਸਾਨ ਹੈ ਕਿ ਉਹ ਪ੍ਰਮਾਣੀਕਰਣ ਲਈ ਕਿਸ ਕਿਸਮ ਦੇ ਲੋਕਾਂ ਦੀ ਸਿਫਾਰਸ਼ ਕਰਨਗੇ।

ਇਹ ਪ੍ਰਣਾਲੀ ਲੋਕਤੰਤਰੀ ਸਿਧਾਂਤਾਂ ਦੇ ਵਿਰੁੱਧ ਹੈ ਅਤੇ ਦਲਿਤ ਵਰਗਾਂ ਦੇ ਆਪਣੇ ਪ੍ਰਤੀਨਿਧੀਆਂ ਦੀ ਚੋਣ ਕਰਨ ਦੇ ਅਧਿਕਾਰ ਨੂੰ ਕਮਜ਼ੋਰ ਕਰਦੀ ਹੈ।

2.3 'ਅਯੋਗਤਾ' ਦਲੀਲ ਦਾ ਵਿਤਕਰਾਤਮਕ ਸੁਭਾਅ

ਕਮਿਸ਼ਨ ਨੇ ਇਸ ਪ੍ਰਮਾਣੀਕਰਣ ਲੋੜ ਨੂੰ ਇਹ ਦਾਅਵਾ ਕਰਕੇ ਜਾਇਜ਼ ਠਹਿਰਾਉਣ ਦੀ ਕੋਸ਼ਿਸ਼ ਕੀਤੀ ਕਿ ਇਸਦਾ ਉਦੇਸ਼ "ਅਯੋਗ" ਲੋਕਾਂ ਨੂੰ ਵਿਧਾਨ ਸਭਾਵਾਂ ਤੋਂ ਬਾਹਰ ਰੱਖਣਾ ਸੀ। ਇਹ ਦਲੀਲ ਨਾ ਸਿਰਫ਼ ਸਰਪ੍ਰਸਤੀ ਪ੍ਰਦਾਨ ਕਰਨ ਵਾਲੀ ਹੈ ਸਗੋਂ ਸਪੱਸ਼ਟ ਤੌਰ 'ਤੇ ਵਿਤਕਰਾਪੂਰਨ ਵੀ ਹੈ। ਜੇਕਰ "ਅਯੋਗਤਾ" ਦੇ ਮਾਪਦੰਡ ਅੰਗਰੇਜ਼ੀ ਭਾਸ਼ਾ ਦੇ ਗਿਆਨ ਦੀ ਘਾਟ ਜਾਂ ਅੰਗਰੇਜ਼ੀ ਵਿੱਚ ਭਾਸ਼ਣ ਦੇਣ ਵਿੱਚ ਅਸਮਰੱਥਾ ਹੈ, ਤਾਂ ਇਹ ਲੋੜ ਸਿਰਫ਼ ਦਲਿਤ ਵਰਗਾਂ 'ਤੇ ਹੀ ਕਿਉਂ ਲਾਗੂ ਕੀਤੀ ਜਾਣੀ ਚਾਹੀਦੀ ਹੈ?

ਇੱਕ ਸਿੱਧੀ ਤੁਲਨਾ ਇਸ ਪਖੰਡ ਨੂੰ ਬੇਨਕਾਬ ਕਰਦੀ ਹੈ। ਬੰਬਈ ਵਿਧਾਨ ਪ੍ਰੀਸ਼ਦ ਦੇ ਬਹੁਤ ਸਾਰੇ ਗੈਰ-ਬ੍ਰਾਹਮਣ ਮੈਂਬਰ ਅਤੇ ਸਿੰਧ ਦੇ ਜ਼ਿਆਦਾਤਰ ਮੁਸਲਿਮ ਮੈਂਬਰ ਅੰਗਰੇਜ਼ੀ ਤੋਂ ਅਣਜਾਣ ਸਨ; ਜਿਵੇਂ ਕਿ ਸਰੋਤ ਦੱਸਦੇ ਹਨ, "ਉਨ੍ਹਾਂ ਨੇ ਕਦੇ ਕੋਈ ਸਵਾਲ ਨਹੀਂ ਪੁੱਛਿਆ ਜਾਂ ਭਾਸ਼ਣ ਨਹੀਂ ਦਿੱਤਾ।" ਫਿਰ ਵੀ, ਉਨ੍ਹਾਂ 'ਤੇ ਅਜਿਹੀ ਕੋਈ ਪ੍ਰਮਾਣੀਕਰਣ ਲੋੜ ਨਹੀਂ ਲਗਾਈ ਗਈ ਸੀ। ਇਹ ਸਪੱਸ਼ਟ ਤੌਰ 'ਤੇ ਦਰਸਾਉਂਦਾ ਹੈ ਕਿ ਇਹ ਨਿਯਮ ਇੱਕ ਵਿਤਕਰਾਪੂਰਨ ਉਪਾਅ ਸੀ ਜੋ ਖਾਸ ਤੌਰ 'ਤੇ ਦਲਿਤ ਵਰਗਾਂ ਨੂੰ ਨਿਸ਼ਾਨਾ ਬਣਾਉਣ ਲਈ ਤਿਆਰ ਕੀਤਾ ਗਿਆ ਸੀ।

ਇਸ ਲਈ, ਇਸ ਪ੍ਰਸਤਾਵਿਤ ਪ੍ਰਣਾਲੀ ਨੂੰ ਪੂਰੀ ਤਰ੍ਹਾਂ ਰੱਦ ਕਰ ਦਿੱਤਾ ਜਾਣਾ ਚਾਹੀਦਾ ਹੈ। ਦਲਿਤ ਵਰਗ ਨੂੰ ਆਪਣੇ ਹਿੱਤਾਂ ਦੀ ਚੰਗੀ ਸਮਝ ਹੈ ਅਤੇ ਉਸਨੂੰ ਬਿਨਾਂ ਕਿਸੇ ਸ਼ਰਤਾਂ ਜਾਂ ਪਾਬੰਦੀਆਂ ਦੇ ਸਵੈ-ਇੱਛਾ ਨਾਲ ਆਪਣੇ ਪ੍ਰਤੀਨਿਧੀਆਂ ਦੀ ਚੋਣ ਕਰਨ ਦਾ ਪੂਰਾ ਅਧਿਕਾਰ ਹੋਣਾ ਚਾਹੀਦਾ ਹੈ। ਇਹ ਸ਼ਕਤੀ ਰਾਜਪਾਲ ਨੂੰ ਨਹੀਂ ਸੌਂਪੀ ਜਾ ਸਕਦੀ। ਇਸ ਤਰ੍ਹਾਂ, ਪ੍ਰਤੀਨਿਧਤਾ ਪ੍ਰਣਾਲੀ ਦਾ ਵਿਸ਼ਲੇਸ਼ਣ ਕਰਨ ਤੋਂ ਬਾਅਦ, ਹੁਣ ਕਮਿਸ਼ਨ ਦੇ ਪ੍ਰਸਤਾਵਾਂ ਨੂੰ ਪ੍ਰਤੀਨਿਧਤਾ ਦੀ ਡਿਗਰੀ ਦੇ ਸੰਦਰਭ ਵਿੱਚ ਜਾਂਚਣਾ ਮਹੱਤਵਪੂਰਨ ਹੈ।

## 3. ਸੂਬਾਈ ਵਿਧਾਨ ਸਭਾਵਾਂ ਵਿੱਚ ਸੀਟਾਂ ਦੀ ਵੰਡ: ਇੱਕ ਤੁਲਨਾਤਮਕ ਬੇਇਨਸਾਫ਼ੀ

ਰਾਜਨੀਤਿਕ ਪ੍ਰਭਾਵਸ਼ੀਲਤਾ ਲਈ ਨਾ ਸਿਰਫ਼ ਪ੍ਰਤੀਨਿਧਤਾ ਦਾ ਤਰੀਕਾ ਮਹੱਤਵਪੂਰਨ ਹੈ, ਸਗੋਂ ਵਿਧਾਨ ਸਭਾ ਵਿੱਚ ਸੀਟਾਂ ਦੀ ਅਸਲ ਗਿਣਤੀ ਵੀ ਓਨੀ ਹੀ ਮਹੱਤਵਪੂਰਨ ਹੈ। ਲੋੜੀਂਦੀ ਸੰਖਿਆਤਮਕ ਤਾਕਤ ਤੋਂ ਬਿਨਾਂ, ਇੱਕ ਭਾਈਚਾਰਾ ਆਪਣੇ ਹਿੱਤਾਂ ਦੀ ਰੱਖਿਆ ਕਰਨ ਦੇ ਯੋਗ ਨਹੀਂ ਹੁੰਦਾ। ਇਸ ਮੋਰਚੇ 'ਤੇ ਵੀ, ਸਾਈਮਨ ਕਮਿਸ਼ਨ ਦਲਿਤ ਵਰਗਾਂ ਨੂੰ ਢੁਕਵੀਂ ਪ੍ਰਤੀਨਿਧਤਾ ਪ੍ਰਦਾਨ ਕਰਨ ਵਿੱਚ ਅਸਫਲ ਰਿਹਾ, ਇੱਥੋਂ ਤੱਕ ਕਿ ਉਨ੍ਹਾਂ ਦੀ ਆਬਾਦੀ ਦੇ ਅਨੁਪਾਤ ਵਿੱਚ ਵੀ, ਜਦੋਂ ਕਿ ਹੋਰ ਘੱਟ ਗਿਣਤੀ ਸਮੂਹਾਂ ਨੂੰ ਤਰਜੀਹੀ ਅਤੇ ਨਰਮ ਵਿਵਹਾਰ ਪ੍ਰਦਾਨ ਕਰਦਾ ਹੈ।

3.1 ਕਮਿਸ਼ਨ ਦਾ 'ਤਿੰਨ-ਚੌਥਾਈ' ਫਾਰਮੂਲਾ

ਸਾਈਮਨ ਕਮਿਸ਼ਨ ਨੇ ਸੂਬਾਈ ਵਿਧਾਨ ਸਭਾਵਾਂ ਵਿੱਚ ਦਲਿਤ ਵਰਗਾਂ ਲਈ ਰਾਖਵੀਆਂ ਸੀਟਾਂ ਲਈ ਇੱਕ ਖਾਸ ਫਾਰਮੂਲਾ ਪ੍ਰਸਤਾਵਿਤ ਕੀਤਾ। ਫਾਰਮੂਲਾ ਇਸ ਪ੍ਰਕਾਰ ਸੀ:

"ਭਾਰਤ ਦੇ ਜਨਰਲ ਵਰਗ ਅਧੀਨ ਸੀਟਾਂ ਦੀ ਕੁੱਲ ਗਿਣਤੀ ਲਈ ਦਲਿਤ ਵਰਗ ਲਈ ਰਾਖਵੀਆਂ ਸੀਟਾਂ ਦਾ ਅਨੁਪਾਤ ਹਲਕੇ ਦੀ ਕੁੱਲ ਆਬਾਦੀ ਦੇ ਅਨੁਪਾਤ ਦਾ ਤਿੰਨ-ਚੌਥਾਈ, ਭਾਵ 75 ਪ੍ਰਤੀਸ਼ਤ ਹੋਵੇਗਾ।" ਇਸਦਾ ਸਿੱਧਾ ਮਤਲਬ ਸੀ ਕਿ ਦਲਿਤ ਵਰਗਾਂ ਨੂੰ ਉਨ੍ਹਾਂ ਦੀ ਆਬਾਦੀ ਦੇ ਅਨੁਪਾਤ ਵਿੱਚ ਮਿਲਣ ਵਾਲੀਆਂ ਸੀਟਾਂ ਦਾ ਸਿਰਫ਼ 75% ਹੀ ਦਿੱਤਾ ਜਾਵੇਗਾ। ਇਹ ਇੱਕ ਅਜਿਹਾ ਪ੍ਰਸਤਾਵ ਸੀ ਜਿਸ ਨੇ ਨਿਆਂ ਦੀ ਬਜਾਏ ਬੇਇਨਸਾਫ਼ੀ ਨੂੰ ਸੰਸਥਾਗਤ ਬਣਾਇਆ।

3.2 ਹੋਰ ਘੱਟ ਗਿਣਤੀਆਂ ਨਾਲ ਇੱਕ ਬੇਇਨਸਾਫ਼ੀ ਤੁਲਨਾ

ਇਸ ਪ੍ਰਸਤਾਵ ਵਿੱਚ ਮੌਜੂਦ ਬੇਇਨਸਾਫ਼ੀ ਹੋਰ ਵੀ ਸਪੱਸ਼ਟ ਹੋ ਜਾਂਦੀ ਹੈ ਜਦੋਂ ਹੋਰ ਘੱਟ ਗਿਣਤੀ ਭਾਈਚਾਰਿਆਂ ਨੂੰ ਦਿੱਤੀ ਗਈ ਪ੍ਰਤੀਨਿਧਤਾ ਦੀ ਤੁਲਨਾ ਕੀਤੀ ਜਾਂਦੀ ਹੈ। ਕਮਿਸ਼ਨ ਨੇ ਦਲਿਤ ਵਰਗਾਂ ਨਾਲ ਵਿਤਕਰਾ ਕਰਦੇ ਹੋਏ ਹੋਰ ਸਾਰੀਆਂ ਘੱਟ ਗਿਣਤੀਆਂ ਪ੍ਰਤੀ ਨਰਮੀ ਦਿਖਾਈ। ਇਹ ਅਸਫਲਤਾ ਹੋਰ ਵੀ ਗੰਭੀਰ ਹੈ ਕਿਉਂਕਿ ਇਹ ਸਮੱਸਿਆ ਪਹਿਲਾਂ ਹੀ ਜਾਣੀ ਜਾਂਦੀ ਸੀ। 1919 ਦੀ ਦੱਖਣੀ ਬੋਰੋ ਕਮੇਟੀ ਨੇ ਦਲਿਤਾਂ ਨਾਲ ਇੱਕ ਗੰਭੀਰ ਬੇਇਨਸਾਫ਼ੀ ਕੀਤੀ ਸੀ, ਅਤੇ 1923 ਦੀ ਮੁੱਦੀਮਾਨ ਕਮੇਟੀ ਨੇ ਟਿੱਪਣੀ ਕੀਤੀ ਸੀ ਕਿ ਉਨ੍ਹਾਂ ਦੀ ਪ੍ਰਤੀਨਿਧਤਾ "ਬਿਲਕੁਲ ਨਾਮਾਤਰ" ਸੀ ਅਤੇ ਇਸ ਵਿੱਚ ਕਾਫ਼ੀ ਵਾਧਾ ਕੀਤਾ ਜਾਣਾ ਚਾਹੀਦਾ ਹੈ। ਇਸ ਇਤਿਹਾਸਕ ਬੇਇਨਸਾਫ਼ੀ ਨੂੰ ਠੀਕ ਕਰਨ ਦੀ ਬਜਾਏ, ਸਾਈਮਨ ਕਮਿਸ਼ਨ ਨੇ ਇਸਨੂੰ ਜਾਰੀ ਰੱਖਿਆ।

ਭਾਈਚਾਰਕ ਪ੍ਰਤੀਨਿਧਤਾ ਦਾ ਆਧਾਰ
ਦਲਿਤ ਆਬਾਦੀ ਦਾ 75%
ਮੁਸਲਮਾਨ ਆਬਾਦੀ ਤੋਂ ਵੱਧ (ਲਖਨਊ ਸਮਝੌਤੇ ਅਨੁਸਾਰ)
ਭਾਰਤੀ ਈਸਾਈ ਆਬਾਦੀ ਤੋਂ ਬਹੁਤ ਜ਼ਿਆਦਾ
ਐਂਗਲੋ-ਇੰਡੀਅਨ ਆਬਾਦੀ ਤੋਂ ਬਹੁਤ ਜ਼ਿਆਦਾ
ਯੂਰਪੀਅਨ ਆਬਾਦੀ ਤੋਂ ਬਹੁਤ ਜ਼ਿਆਦਾ

ਇਹ ਤੁਲਨਾ ਇੱਕ ਹੈਰਾਨ ਕਰਨ ਵਾਲੀ ਤਸਵੀਰ ਪੇਸ਼ ਕਰਦੀ ਹੈ। ਦਲਿਤ ਭਾਈਚਾਰਾ, ਸਭ ਤੋਂ ਵੱਧ ਦੱਬਿਆ-ਕੁਚਲਿਆ ਅਤੇ ਸਮਾਜਿਕ ਤੌਰ 'ਤੇ ਚੁਣੌਤੀਪੂਰਨ ਭਾਈਚਾਰਾ, ਇਕਲੌਤਾ ਸਮੂਹ ਸੀ ਜਿਸਨੂੰ ਆਪਣੀ ਆਬਾਦੀ ਦੇ ਅਨੁਪਾਤ ਵਿੱਚ ਵੀ, ਨਿਰਪੱਖ ਹਿੱਸੇ ਤੋਂ ਇਨਕਾਰ ਕੀਤਾ ਗਿਆ ਸੀ। ਇਹ ਇੱਕ "ਸਪੱਸ਼ਟ ਅਪਵਾਦ" ਸੀ, ਜਿੱਥੇ ਨਿਆਂ ਦੇ ਘੱਟੋ-ਘੱਟ ਸਿਧਾਂਤਾਂ, ਦਇਆ ਅਤੇ ਉਦਾਰਤਾ ਨੂੰ ਛੱਡ ਦਿਓ, ਦੀ ਵੀ ਪਾਲਣਾ ਨਹੀਂ ਕੀਤੀ ਗਈ ਸੀ। ਸੂਬਾਈ ਪੱਧਰ 'ਤੇ ਇਸ ਬੇਇਨਸਾਫ਼ੀ ਤੋਂ ਬਾਅਦ, ਕੇਂਦਰੀ ਵਿਧਾਨ ਸਭਾ ਲਈ ਕਮਿਸ਼ਨ ਦੇ ਪ੍ਰਸਤਾਵ ਵੀ ਓਨੇ ਹੀ ਨਿਰਾਸ਼ਾਜਨਕ ਸਨ।

4. ਕੇਂਦਰੀ ਵਿਧਾਨ ਸਭਾ ਵਿੱਚ ਪ੍ਰਤੀਨਿਧਤਾ: ਨਾਕਾਫ਼ੀ ਅਤੇ ਅਧੂਰਾ

ਕਿਸੇ ਵੀ ਭਾਈਚਾਰੇ ਲਈ ਰਾਸ਼ਟਰੀ ਨੀਤੀ ਨਿਰਮਾਣ ਵਿੱਚ ਆਵਾਜ਼ ਉਠਾਉਣ ਲਈ ਕੇਂਦਰੀ ਵਿਧਾਨ ਸਭਾ ਵਿੱਚ ਪ੍ਰਤੀਨਿਧਤਾ ਬਹੁਤ ਜ਼ਰੂਰੀ ਹੈ। ਸਾਈਮਨ ਕਮਿਸ਼ਨ ਦੇ ਪ੍ਰਸਤਾਵਾਂ ਨੇ ਕੇਂਦਰੀ ਪੱਧਰ 'ਤੇ ਵੀ ਦਲਿਤ ਭਾਈਚਾਰਿਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਹਾਸ਼ੀਏ 'ਤੇ ਧੱਕ ਦਿੱਤਾ। ਕਮਿਸ਼ਨ ਦੀਆਂ ਸਿਫ਼ਾਰਸ਼ਾਂ ਦੀ ਦੋਹਰੀ ਆਲੋਚਨਾ ਦੀ ਲੋੜ ਹੈ: ਪਹਿਲਾ, ਅਸਿੱਧੇ ਚੋਣਾਂ ਦੀ ਪ੍ਰਣਾਲੀ ਅਤੇ ਦੂਜਾ, ਸੀਟਾਂ ਦੀ ਬਹੁਤ ਘੱਟ ਅਤੇ ਬੇਇਨਸਾਫ਼ੀ ਵੰਡ।

4.1 ਅਸਿੱਧੇ ਚੋਣ ਪ੍ਰਣਾਲੀ ਦਾ ਵਿਸ਼ਲੇਸ਼ਣ

ਕਮਿਸ਼ਨ ਨੇ ਸਿਫ਼ਾਰਸ਼ ਕੀਤੀ ਕਿ ਕੇਂਦਰੀ ਵਿਧਾਨ ਸਭਾ ਦਾ ਗਠਨ ਸੂਬਾਈ ਵਿਧਾਨ ਸਭਾਵਾਂ ਦੇ ਮੈਂਬਰਾਂ ਦੁਆਰਾ ਅਨੁਪਾਤਕ ਪ੍ਰਤੀਨਿਧਤਾ ਦੁਆਰਾ ਅਸਿੱਧੇ ਤੌਰ 'ਤੇ ਕੀਤਾ ਜਾਵੇ। ਇਸ ਪ੍ਰਣਾਲੀ ਦੇ ਆਪਣੇ ਫਾਇਦੇ ਅਤੇ ਨੁਕਸਾਨ ਸਨ:

* ਫਾਇਦੇ:
* ਇਹ ਘੱਟ ਗਿਣਤੀ ਭਾਈਚਾਰਿਆਂ ਲਈ ਸਾਂਝੇ ਬਨਾਮ ਵੱਖਰੇ ਹਲਕਿਆਂ ਦੀ ਗੁੰਝਲਦਾਰ ਸਮੱਸਿਆ ਨੂੰ ਹੱਲ ਕਰਦਾ ਹੈ।
* ਇਹ ਵੱਖਰੀਆਂ ਵੋਟਰ ਸੂਚੀਆਂ ਦੀ ਜ਼ਰੂਰਤ ਨੂੰ ਖਤਮ ਕਰਦਾ ਹੈ।
* ਇਹ ਸਦਨ ਦੇ ਪ੍ਰਸ਼ਾਸਨ ਨੂੰ ਸਰਲ ਬਣਾਉਂਦਾ ਹੈ।
* ਨੁਕਸਾਨ:
* ਇਹ ਜਨਤਾ ਅਤੇ ਸਰਕਾਰ ਵਿਚਕਾਰ ਸਿੱਧੇ ਸਬੰਧ ਨੂੰ ਕਮਜ਼ੋਰ ਕਰਦਾ ਹੈ।
* ਇਹ ਰਾਸ਼ਟਰੀ ਏਕਤਾ ਦੀ ਭਾਵਨਾ ਦੇ ਵਿਕਾਸ ਵਿੱਚ ਰੁਕਾਵਟ ਪਾ ਸਕਦਾ ਹੈ।



ਇਸ ਪ੍ਰਣਾਲੀ ਵਿੱਚ ਇੱਕ ਬੁਨਿਆਦੀ ਸੰਸਥਾਗਤ ਨੁਕਸ ਵੀ ਹੈ। ਅਸਿੱਧੇ ਚੋਣਾਂ ਦੀ ਪ੍ਰਣਾਲੀ ਇੱਕ "ਲੱਕੜੀ ਦੇ ਘੜੇ" ਵਰਗੀ ਹੈ ਜਿਸਨੂੰ ਸਿਰਫ਼ ਇੱਕ ਵਾਰ ਅੱਗ ਲਗਾਈ ਜਾ ਸਕਦੀ ਹੈ। ਇਸਦਾ ਮਤਲਬ ਹੈ ਕਿ ਇਹ ਤੁਰੰਤ ਆਪਣੀ ਲੋਕਤੰਤਰੀ ਜਾਇਜ਼ਤਾ ਗੁਆ ਦਿੰਦਾ ਹੈ। ਜੇਕਰ ਇਸ ਪ੍ਰਣਾਲੀ ਨੂੰ ਵਿਧਾਨ ਸਭਾ ਬਣਾਉਣ ਲਈ ਵਰਤਿਆ ਜਾਂਦਾ ਹੈ, ਤਾਂ ਰਾਜ ਸਭਾ (ਦੂਜਾ ਸਦਨ) ਦੇ ਗਠਨ ਲਈ ਕੋਈ ਭਰੋਸੇਯੋਗ ਪ੍ਰਤੀਨਿਧੀ ਸਰੋਤ ਨਹੀਂ ਬਚੇਗਾ। ਹਾਲਾਂਕਿ, ਦਲਿਤ ਵਰਗਾਂ ਦੇ ਦ੍ਰਿਸ਼ਟੀਕੋਣ ਤੋਂ, ਇਹ ਪ੍ਰਣਾਲੀ ਅਜੇ ਵੀ ਨਾਮਜ਼ਦਗੀ ਦੀ ਮੌਜੂਦਾ ਪ੍ਰਣਾਲੀ ਨਾਲੋਂ ਇੱਕ ਸੁਧਾਰ ਸੀ।

4.2 ਨਿਰਾਸ਼ਾਜਨਕ ਸੀਟਾਂ ਦੀ ਵੰਡ

ਜਦੋਂ ਕਿ ਚੋਣ ਪ੍ਰਣਾਲੀ ਇੱਕ ਮਾਮੂਲੀ ਸੁਧਾਰ ਸੀ, ਕਮਿਸ਼ਨ ਦਾ ਸੀਟਾਂ ਦੀ ਵੰਡ ਲਈ ਪ੍ਰਸਤਾਵ ਬਹੁਤ ਨਿਰਾਸ਼ਾਜਨਕ ਸੀ। ਇਹ ਪ੍ਰਸਤਾਵ ਦਲਿਤ ਵਰਗਾਂ ਦੇ ਇਤਿਹਾਸਕ ਬੇਦਖਲੀ ਦੇ ਸੰਦਰਭ ਵਿੱਚ ਹੋਰ ਵੀ ਮਾੜਾ ਜਾਪਦਾ ਹੈ। 1926 ਤੱਕ, ਦਲਿਤ ਵਰਗਾਂ ਦੀ 150 ਮੈਂਬਰੀ ਵਿਧਾਨ ਸਭਾ ਵਿੱਚ ਕੋਈ ਪ੍ਰਤੀਨਿਧਤਾ ਨਹੀਂ ਸੀ। ਉਸ ਸਾਲ, ਇੱਕ ਮੈਂਬਰ ਨੂੰ ਨਾਮਜ਼ਦ ਕਰਨਾ ਇੱਕ ਵੱਡਾ "ਅਹਿਮ" ਮੰਨਿਆ ਜਾਂਦਾ ਸੀ। ਇਸ ਪਿਛੋਕੜ ਦੇ ਵਿਰੁੱਧ, ਕਮਿਸ਼ਨ ਨੇ ਦਲਿਤ ਵਰਗਾਂ ਦੇ ਦਾਅਵਿਆਂ ਨੂੰ ਯੋਜਨਾਬੱਧ ਢੰਗ ਨਾਲ ਕਮਜ਼ੋਰ ਕੀਤਾ:

* ਦਲਿਤ ਵਰਗ ਬ੍ਰਿਟਿਸ਼ ਭਾਰਤ ਦੀ ਕੁੱਲ ਆਬਾਦੀ ਦਾ ਲਗਭਗ 20% ਸੀ।
* ਇਸ ਦੇ ਬਾਵਜੂਦ, ਸਾਈਮਨ ਕਮਿਸ਼ਨ ਨੇ ਉਨ੍ਹਾਂ ਨੂੰ ਵਿਧਾਨ ਸਭਾ ਵਿੱਚ ਸਿਰਫ਼ 8% ਪ੍ਰਤੀਨਿਧਤਾ ਦੇਣ ਦਾ ਪ੍ਰਸਤਾਵ ਰੱਖਿਆ।
* ਇਸ ਤੋਂ ਵੀ ਮਾੜੀ ਗੱਲ ਇਹ ਹੈ ਕਿ ਉਨ੍ਹਾਂ ਨੂੰ ਰਾਜ ਸਭਾ (ਰਾਜ ਪ੍ਰੀਸ਼ਦ) ਵਿੱਚ ਜ਼ੀਰੋ ਪ੍ਰਤੀਨਿਧਤਾ ਦੀ ਪੇਸ਼ਕਸ਼ ਕੀਤੀ ਗਈ ਸੀ, ਜਿਸ ਦੇ ਦਰਵਾਜ਼ੇ ਉਨ੍ਹਾਂ ਲਈ ਪੂਰੀ ਤਰ੍ਹਾਂ ਬੰਦ ਸਨ।

ਇਸ ਵੰਡ ਨੇ ਦਲਿਤ ਭਾਈਚਾਰੇ ਦੇ ਆਕਾਰ ਅਤੇ ਮਹੱਤਵ ਨੂੰ ਪੂਰੀ ਤਰ੍ਹਾਂ ਅਣਗੌਲਿਆ ਕੀਤਾ। ਇਹ ਇੱਕ ਸਪੱਸ਼ਟ ਸੰਕੇਤ ਸੀ ਕਿ ਕਮਿਸ਼ਨ ਦਲਿਤ ਵਰਗਾਂ ਨੂੰ ਰਾਸ਼ਟਰੀ ਰਾਜਨੀਤੀ ਵਿੱਚ ਇੱਕ ਅਰਥਪੂਰਨ ਹਿੱਸੇਦਾਰ ਵਜੋਂ ਦੇਖਣ ਲਈ ਤਿਆਰ ਨਹੀਂ ਸੀ।

## 5. ਸਿੱਟਾ: ਨਿਆਂ ਦੀ ਅਣਦੇਖੀ ਅਤੇ ਬ੍ਰਿਟਿਸ਼ ਇਰਾਦਿਆਂ ਬਾਰੇ ਸ਼ੱਕ

ਸਾਈਮਨ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਦਾ ਸਮੁੱਚਾ ਵਿਸ਼ਲੇਸ਼ਣ ਇੱਕ ਸਿੱਟੇ ਵੱਲ ਲੈ ਜਾਂਦਾ ਹੈ: ਉਹ ਦਲਿਤ ਵਰਗਾਂ ਨੂੰ ਨਿਆਂ ਪ੍ਰਦਾਨ ਕਰਨ ਦੇ ਆਪਣੇ ਦੱਸੇ ਗਏ ਟੀਚੇ ਵਿੱਚ ਪੂਰੀ ਤਰ੍ਹਾਂ ਅਸਫਲ ਰਹੇ। ਹਮਦਰਦੀ ਭਰੇ ਸ਼ਬਦਾਂ ਦੇ ਬਾਵਜੂਦ, ਠੋਸ ਪ੍ਰਸਤਾਵਾਂ ਨੇ ਭਾਈਚਾਰੇ ਨੂੰ ਰਾਜਨੀਤਿਕ ਤੌਰ 'ਤੇ ਸ਼ਕਤੀਹੀਣ ਅਤੇ ਹਾਸ਼ੀਏ 'ਤੇ ਰੱਖਣ ਲਈ ਕੰਮ ਕੀਤਾ। ਇਨ੍ਹਾਂ ਸਿਫ਼ਾਰਸ਼ਾਂ ਨੇ ਬ੍ਰਿਟਿਸ਼ ਸਰਕਾਰ ਦੇ ਅਸਲ ਇਰਾਦਿਆਂ ਬਾਰੇ ਵੀ ਗੰਭੀਰ ਸਵਾਲ ਖੜ੍ਹੇ ਕੀਤੇ।

ਦਲਿਤ ਵਰਗ, ਆਪਣੀ ਬਹੁਤ ਮਾੜੀ ਸਮਾਜਿਕ ਸਥਿਤੀ ਦੇ ਕਾਰਨ, ਨਾ ਸਿਰਫ਼ ਨਿਆਂ ਦਾ, ਸਗੋਂ ਨਰਮ ਵਿਵਹਾਰ ਦਾ ਵੀ ਸਭ ਤੋਂ ਵੱਧ ਹੱਕਦਾਰ ਸੀ। ਵਫ਼ਾਦਾਰੀ ਦੇ ਸੰਬੰਧ ਵਿੱਚ, ਉਨ੍ਹਾਂ ਦੀ ਵਫ਼ਾਦਾਰੀ ਬੇਅੰਤ ਸੀ; ਜਿਵੇਂ ਕਿ ਸਰੋਤ ਦੱਸਦਾ ਹੈ, "ਉਹ ਅੰਗਰੇਜ਼ਾਂ ਨੂੰ ਸਿਰਫ਼ ਆਪਣੇ ਸਿਧਾਂਤਾਂ ਲਈ ਹੀ ਪਿਆਰ ਨਹੀਂ ਕਰਦੇ ਸਨ, ਸਗੋਂ ਉਨ੍ਹਾਂ ਨਾਲ ਮੋਹਿਤ ਵੀ ਸਨ।" ਫਿਰ ਵੀ, ਕਮਿਸ਼ਨ ਨੇ, ਉਨ੍ਹਾਂ ਨੂੰ ਨਰਮੀ ਦੇਣ ਤੋਂ ਦੂਰ, ਉਨ੍ਹਾਂ ਨੂੰ ਇਨਸਾਫ਼ ਦੇਣ ਤੋਂ ਵੀ ਇਨਕਾਰ ਕਰ ਦਿੱਤਾ। ਲਾਰਡ ਬਿਰਕਨਹੈੱਡ ਨੇ ਅੰਗਰੇਜ਼ਾਂ ਨੂੰ ਦਲਿਤ ਵਰਗਾਂ ਦੇ "ਵਿਸ਼ੇਸ਼ ਟਰੱਸਟੀ" ਦੱਸਿਆ ਸੀ, ਪਰ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਨੇ ਉਸ ਭਰੋਸੇ ਨੂੰ ਧੋਖਾ ਦਿੱਤਾ।

ਇਸ ਨਾਲ ਇਹ ਗੰਭੀਰ ਸ਼ੱਕ ਪੈਦਾ ਹੁੰਦਾ ਹੈ ਕਿ ਅੰਗਰੇਜ਼ਾਂ ਨੇ ਜਾਣਬੁੱਝ ਕੇ ਦਲਿਤ ਵਰਗਾਂ ਦੀ ਦੁਰਦਸ਼ਾ ਦਾ ਪ੍ਰਚਾਰ ਉਨ੍ਹਾਂ ਦੀ ਮਦਦ ਕਰਨ ਦੀ ਇੱਛਾ ਨਾਲ ਨਹੀਂ, ਸਗੋਂ ਭਾਰਤ ਦੀ ਰਾਜਨੀਤਿਕ ਤਰੱਕੀ ਨੂੰ ਹੌਲੀ ਕਰਨ ਦੇ ਬਹਾਨੇ ਵਜੋਂ ਕੀਤਾ ਸੀ। ਇਸ ਸੰਦਰਭ ਵਿੱਚ, ਦਲਿਤ ਵਰਗਾਂ ਲਈ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਉਹ ਬਾਹਰੀ ਸਹਾਇਤਾ 'ਤੇ ਨਿਰਭਰ ਕਰਨ ਦੀ ਬਜਾਏ ਸਵੈ-ਨਿਰਭਰਤਾ ਦਾ ਰਸਤਾ ਅਪਣਾਉਣ। ਉਨ੍ਹਾਂ ਨੂੰ ਬਿਨਾਂ ਕਿਸੇ ਡਰ ਦੇ ਆਪਣਾ ਭਵਿੱਖ ਖੁਦ ਨਿਰਧਾਰਤ ਕਰਨਾ ਚਾਹੀਦਾ ਹੈ। ਭਾਵੇਂ ਉਨ੍ਹਾਂ ਨੂੰ ਨਰਮ ਵਿਵਹਾਰ ਨਹੀਂ ਮਿਲਦਾ, ਉਨ੍ਹਾਂ ਨੂੰ ਆਪਣੇ ਵਿਸ਼ੇਸ਼ ਅਤੇ ਤਰਸਯੋਗ ਹਾਲਾਤਾਂ ਕਾਰਨ ਨਿਆਂ ਦੀ ਜ਼ੋਰਦਾਰ ਮੰਗ ਕਰਦੇ ਰਹਿਣਾ ਚਾਹੀਦਾ ਹੈ, ਕਿਉਂਕਿ ਇਹ ਉਨ੍ਹਾਂ ਦਾ ਅਧਿਕਾਰ ਹੈ।

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 28 ਨਵੰਬਰ
INTERNATIONAL PAPER, 94636 01616
hardipchumber57@gmail.com

# ਕੀ ਅਧਿਆਪਕ ਮਾਨਸਿਕ ਪ੍ਰੇਸ਼ਾਨੀ ਨਾਲ ਜੂਝ ਰਹੇ ਹਨ

ਚਰਨਜੀਤ ਸਿੰਘ ਮੁਕਤਸਰ,
9501300716



ਪਿਛਲੇ ਦਿਨੀਂ ਪੰਜਾਬ ਦੇ ਸਾਬਕਾ ਸਿੱਖਿਆ ਸਕੱਤਰ ਕ੍ਰਿਸ਼ਨ ਕੁਮਾਰ ਦੁਆਰਾ ਲਿਖਿਆ ਇੱਕ ਆਰਟੀਕਲ ਇੰਡੀਅਨ ਐਕਸਪ੍ਰੈਸ ਅਖ਼ਬਾਰ ਵਿੱਚ ਛਪਿਆ। ਜੋ ਬਾਅਦ ਵਿੱਚ ਪੰਜਾਬੀ ਵਿੱਚ ਅਨੁਵਾਦ ਹੋ ਕੇ ਸ਼ੋਸ਼ਲ ਮੀਡੀਆ ਤੇ ਕਾਫ਼ੀ ਵਾਇਰਲ ਹੋਇਆ। ਆਰਟੀਕਲ ਦਾ ਸਿਰਲੇਖ ਸੀ, ‘‘ਅਧਿਆਪਕ ਨੌਕਰੀਆਂ ਛੱਡ ਰਹੇ ਹਨ - ਇਕ ਕੌੜੀ ਸੱਚਾਈ” ਇਹ ਆਰਟੀਕਲ ਇਕ ਚਿੰਤਾਜਨਕ ਸਵਾਲ ਪੈਦਾ ਕਰਦਾ ਹੈ ਕਿ ਅਜਿਹਾ ਕਿਉਂ..? ਕੱਲੇ ਅਧਿਆਪਕ ਹੀ ਨਹੀਂ, ਕਾਫ਼ੀ ਮਹਿਕਮਿਆਂ ਵਿੱਚ ਕਰਮਚਾਰੀ ਕੰਮ ਦੇ ਦਬਾਅ ਹੇਠ ਨੌਕਰੀ ਛੱਡਣ ਲਈ ਮਜ਼ਬੂਰ ਹਨ ਜਾਂ ਫਿਰ ਭਰੇ ਮਨ ਨਾਲ ਕੰਮ ਕਰ ਰਹੇ ਹਨ।

ਜੇਕਰ ਸਿਰਫ਼ ਅਧਿਆਪਕਾਂ ਦੀ ਗੱਲ ਕਰੀਏ ਤਾਂ ਅਧਿਆਪਕਾਂ ਨੂੰ ਬੇਫਜ਼ੂਲੇ ਕੰਮਾਂ ਵਿੱਚ ਉਲਝਾਇਆ ਜਾ ਰਿਹਾ ਹੈ। ਸਕੂਲ ਵਿੱਚ ਹਰ ਰੋਜ਼ ਦਿਨ ਦੀ ਸ਼ੁਰੂਆਤ ਗੂਗਲ ਫਾਰਮ ਭਰੋ, ਰਿਪੋਰਟਾਂ ਭੇਜੋ, ਗਤੀਵਿਧੀਆਂ ਦਾ ਸਬੂਤ ਭੇਜੋ ਵਰਗੇ ਕੰਮਾਂ ਨਾਲ ਹੋ ਰਹੀ ਹੈ। ਜਮਾਤ ਦੇ ਕਮਰੇ ਵਿੱਚ ਅਧਿਆਪਕਾਂ ਦੀ ਬੱਚਿਆਂ ਨਾਲ ਵਾਰਤਾ ਘੱਟ ਕੇ ਮੋਬਾਈਲਾਂ ਅਤੇ ਲੈਪਟਾਪ ਤੇ ਵੱਧਦੀ ਜਾ ਰਹੀ ਹੈ। ਪੜ੍ਹਾਉਣਾ ਤਾਂ ਅਧਿਆਪਕ ਦਾ ਮੁੱਢਲਾ ਕੰਮ ਹੈ ਹੀ, ਪਰ ਨਾਲ ਹੀ ਮਿਡ ਡੇ ਮੀਲ, ਵਜੀਫ਼ਾ, ਸਰਕਾਰੀ ਰਿਪੋਰਟਾਂ ਅਤੇ ਗਤੀਵਿਧੀਆਂ ਵਰਗੇ ਕੰਮਾਂ ਨਾਲ ਅਧਿਆਪਕ ਨੂੰ ਈਵੈਂਟ ਮੈਨੇਜਰ ਬਣਾਇਆ ਜਾ ਰਿਹਾ ਹੈ। ਇਸ ਹਾਲਤ ਵਿੱਚ ਸਿੱਖਿਆ ਤਾਂ ਦਮ ਤੋੜ ਹੀ ਰਹੀ ਹੈ ਨਾਲ ਹੀ ਅਧਿਆਪਕ ਵੀ ਬੇਬਸੀ, ਨਿਰਾਸ਼ਾ ਤੇ ਥਕਾਵਟ ਦਾ ਸ਼ਿਕਾਰ ਹੋ ਰਿਹਾ ਹੈ। ਇਹ ਉਪਰੋਕਤ ਤੱਤ ਨੂੰ ਕ੍ਰਿਸ਼ਨ ਕੁਮਾਰ ਦੁਆਰਾ ਆਪਣੇ ਆਰਟੀਕਲ ਵਿੱਚ ਬਖ਼ੂਬੀ ਦਰਸਾਇਆ ਗਈ।

ਪਰ ਸਵਾਲ ਇਹ ਪੈਦਾ ਹੁੰਦਾ ਹੈ ਕਿ ਅਸੀਂ ਅਧਿਆਪਕ ਹੋਣ ਦੇ ਨਾਤੇ ਅਸੀਂ ਇਸ ਸਭ ਕੁਛ ਤੋਂ ਆਪਣੇ ਆਪ ਨੂੰ ਕਿਵੇਂ ਬਚਾ ਸਕਦੇ ਹੈ ਕਿਉਂਕਿ ਆਉਣ ਵਾਲਾ ਸਮਾਂ ਏ ਆਈ ਦਾ ਸਮਾਂ ਹੈ ਤੇ ਇਸ ਦੌਰ ਵਿੱਚ ਇਹ ਸਭ ਚੀਜ਼ਾਂ ਵਧਣਗੀਆਂ ਨਾ ਕਿ ਘਟਣਗੀਆਂ। ਇਸ ਸਮੱਸਿਆ ਦੀ ਮੂਲ ਜੜ੍ਹ ਕੱਲਾ ਸਰਕਾਰ ਜਾਂ ਵਿਭਾਗ ਨਹੀਂ ਬਲਕਿ ਅਸੀਂ ਖ਼ੁਦ ਵੀ ਹਾਂ। ਸਾਡੀ ਜੀਵਨ ਸ਼ੈਲੀ ਇਸ ਤਰ੍ਹਾਂ ਦੀ ਬਣ ਗਈ ਹੈ ਕਿ ਅਸੀਂ ਜ਼ਿੰਦਗੀ ਨੂੰ ਜੀਣਾ ਹੀ ਭੁੱਲਦੇ ਜਾ ਰਹੇ ਹਾਂ। ਪਿਛਲੇ ਕੁੱਝ ਸਾਲਾਂ ਤੋਂ ਅਸੀਂ ਕੁੱਝ ਜ਼ਿਆਦਾ ਹੀ ਕੰਮ ਦੇ ਦਬਾਅ ਕਾਰਨ ਤਣਾਅ ਦੇ ਸ਼ਿਕਾਰ ਹੋ ਰਹੇ ਹਾਂ। ਇਹ ਸਾਡੀ ਰੋਜ਼ਮਰ੍ਹਾ ਦੀ ਪੀੜ੍ਹਾ ਹੈ ਕਿ ਇਸ ਦੌਰ ਵਿੱਚ ਅਸੀਂ ਘਬਰਾਹਟ, ਹਾਈਪਰਟੈਨਸ਼ਨ, ਚਿੜਚਿੜਾਪਨ, ਭੁੱਲਣ ਦੀ ਸਮੱਸਿਆ, ਹੈਂਗ ਆਊਟ, ਮੋਟਾਪਾ, ਭੁੱਖ ਦੀ ਸਮੱਸਿਆ ਦਾ ਸ਼ਿਕਾਰ ਹੋ ਰਹੇ ਹਾਂ ਜਾਂ ਕਿਸੇ ਗੰਭੀਰ ਮਾਨਸਿਕ ਪ੍ਰੇਸ਼ਾਨੀ ਦਾ ਸ਼ਿਕਾਰ ਹਾਂ। ਘਰ ਦੀਆਂ ਚਿੰਤਾਵਾਂ ਅਸੀਂ ਸਕੂਲ ਲੈ ਕੇ ਜਾ ਰਹੇ ਹਾਂ ਤੇ ਸਕੂਲ ਦੀਆਂ ਚਿੰਤਾਵਾਂ ਅਸੀਂ ਘਰ ਲੈ ਕੇ ਜਾ ਰਹੇ ਹਾਂ। ਕੀ ਅਜਿਹਾ ਨਹੀਂ ਹੋਣਾ ਚਾਹੀਦਾ ਕਿ ਅਸੀਂ ਘਰ ਤੋਂ ਸਕੂਲ ਆਉਣ ਸਮੇਂ ਤੇ ਸਕੂਲ ਤੋਂ ਘਰ ਆਉਣ ਸਮੇਂ ਡਿਸਕੁਨੇਕਟ ਹੋ ਕੇ ਆਈਏ।

ਆਧੁਨਿਕ ਭੱਜ ਦੌੜ ਵਾਲੀ ਜੀਵਨ ਸ਼ੈਲੀ, ਕੰਮ ਦੇ ਸਥਾਨ ਦਾ ਵਰਕਲੋਡ, ਪੇਂਡਿੰਗ ਰਹਿ ਗਏ ਕੰਮਾਂ ਦਾ ਪਰੈਸ਼ਰ, ਹਰ ਰੋਜ਼ ਹੁੰਦੇ ਬੁਰੇ ਅਨੁਭਵ ਸਾਡੀ ਜ਼ਿੰਦਗੀ ਨੂੰ ਅਵਿਵਸਥਿਤ ਕਰ ਦਿੰਦੇ ਹਨ। ਇਹ ਸਥਿਤੀ ਸਾਨੂੰ ਇਨਜਾਇਟੀ ਵੱਲ ਧਕੇਲ ਰਹੀ ਹੈ। ਇਹ ਇੱਕ ਅਜਿਹੀ ਮਾਨਸਿਕ ਅਵਸਥਾ ਹੈ ਜਿਸ ਵਿੱਚ ਸਾਨੂੰ ਨਰਵਸ ਮਹਿਸੂਸ ਹੁੰਦਾ ਹੈ। ਬੇਚੈਨੀ,ਬਲੱਡ ਪਰੈਸ਼ਰ ਅਤੇ ਦਿਲ ਦੀ ਧੜਕਨ ਵੱਧਣ ਦੀ ਸਮੱਸਿਆ ਸਾਹਮਣੇ ਆਉਂਦੀ ਹੈ। ਇਸ ਸਥਿਤੀ ਨਾਲ ਸਾਡੇ ਸਰੀਰਕ, ਮਾਨਸਿਕ ਅਤੇ ਵਿਵਹਾਰਿਕ ਤਿੰਨੇ ਪੱਖਾਂ ਤੇ ਪ੍ਰਭਾਵ ਪੈਂਦਾ ਹੈ।

ਇਕ ਸੋਧ ਦੇ ਅਨੁਸਾਰ ਸਾਡੇ ਦੇਸ਼ ਦੇ 88 ਪ੍ਰਤੀਸ਼ਤ ਨੌਜਵਾਨ ਇਸ ਤਰ੍ਹਾਂ ਦੀਆਂ ਮਾਨਸਿਕ ਸਮੱਸਿਆਵਾਂ ਨਾਲ ਜੂਝ ਰਹੇ ਹਨ। ਸੋ ਅੱਜਕਲ੍ਹ ਇਨਜਾਇਟੀ ਇਕ ਆਮ ਸਮੱਸਿਆ ਬਣ ਗਈ ਹੈ। ਇਨਜਾਇਟੀ ਸ਼ੁਰੂਆਤ ਵਿੱਚ ਅਸਥਾਈ ਹੁੰਦੀ ਹੈ ਅਤੇ ਕੁੱਝ ਘੰਟੇ ਜਾਂ ਦਿਨ ਲਈ ਹੁੰਦੀ ਹੈ। ਪਰ ਜੇਕਰ ਅਸੀਂ ਇਸਨੂੰ ਸੀਰੀਅਸ ਨਹੀਂ ਲੈਂਦੇ ਤਾਂ ਇਹ ਦਿਨਾਂ ਤੋਂ ਮਹੀਨਿਆਂ, ਸਾਲਾਂ ਅਤੇ ਪੂਰੀ ਜ਼ਿੰਦਗੀ ਦੀ ਸਮੱਸਿਆ ਬਣ ਜਾਂਦੀ ਹੈ। ਇਸ ਨਾਲ ਹੀ ਅਸੀਂ ਇਸ ਸਮੱਸਿਆ ਕਰਕੇ ਹੋਰ ਵੀ ਕਈ ਪ੍ਰਕਾਰ ਦੀਆਂ ਗੰਭੀਰ ਬਿਮਾਰੀਆ ਤੋਂ ਪੀੜ੍ਹਤ ਹੁੰਦੇ ਜਾਂਦੇ ਹਾਂ। ਇਸ ਸਮੱਸਿਆ ਤੋਂ ਨਿਜ਼ਾਤ ਪਾਉਣ ਲਈ ਕੁੱਝ ਦਵਾਈਆਂ ਖਾਣ ਤੋਂ ਇਲਾਵਾ ਆਪਣੇ ਆਪ ਤੇ ਕੰਮ ਕਰਨਾ ਜ਼ਿਆਦਾ ਲਾਹੇਵੰਦ ਸਾਬਤ ਹੁੰਦਾ ਹੈ। ਕਿਸੇ ਅਜਿਹੀ ਜਗ੍ਹਾ ਤੇ ਚਲੇ ਜਾਓ, ਜਿੱਥੇ ਸਾਨੂੰ ਸ਼ਾਂਤੀ ਮਿਲੇ। ਇਹ ਜਗ੍ਹਾ ਕਲਪਨਾ ਵਿੱਚ ਵੀ ਹੋ ਸਕਦੇ ਹੈ। ਸਰੀਰ ਵਿੱਚ ਆਉਂਦੇ ਜਾਂਦੇ ਸਾਹਾਂ ਨੂੰ ਮਹਿਸੂਸ ਕਰੋ। ਇਸ ਤਰ੍ਹਾਂ ਤੁਹਾਡਾ ਧਿਆਨ ਇਨਜਾਇਟੀ ਪੈਦਾ ਕਰਨ ਵਾਲੀ ਸਮੱਸਿਆ ਤੋਂ ਹੱਟ ਜਵੇਗਾ। ਬਹੁਤੀ ਵਾਰ ਤਾਂ ਇਹ ਤੁਰੰਤ ਹੀ ਫਾਇਦਾ ਕਰਦਾ ਹੈ ਪਰ ਕਈ ਵਾਰ ਥੋੜ੍ਹਾ ਸਮਾਂ ਲੱਗ ਸਕਦਾ ਹੈ।

ਪ੍ਰੇਸ਼ਾਨੀ ਪੈਦਾ ਕਰਨ ਵਾਲੇ ਵਿਚਾਰਾਂ ਦੀ ਜਗ੍ਹਾ ਕਿਸੇ ਚੰਗੇ ਵਿਚਾਰਾਂ ਤੇ ਫੋਕਸ ਕਰੋ। ਆਪਣੇ ਮਨਪਸੰਦ ਸਥਾਨ ਜਾਂ ਵਿਅਕਤੀ ਬਾਰੇ ਸੋਚੋ। ਆਪਣੇ ਸੁਨਹਿਰੀ ਭਵਿੱਖ ਦੀ ਮਨ ਵਿੱਚ ਕਲਪਨਾ ਕਰੋ। ਵਿਭਾਗ ਦੇ ਕੰਮਾਂ ਨੂੰ ਸਮਾਂ ਰਹਿੰਦੇ ਹੀ ਨਿਪਟਾ ਲਓ। ਕੰਮਾਂ ਦਾ ਪਰੈਸ਼ਰ ਉਦੋਂ ਹੀ ਬਣਦਾ ਹੈ ਜਦੋਂ ਉਹ ਕਾਫ਼ੀ ਸਾਰੇ ਇਕੱਠੇ ਹੋ ਜਾਂਦੇ ਹਨ। ਜੇਕਰ ਕੁੱਝ ਬਾਕੀ ਹੋਰ ਵਿਭਾਗਾਂ ਦੇ ਮੁਕਾਬਲੇ ਵੇਖੀਏ ਤਾਂ ਅਧਿਆਪਕ ਦਾ ਤਨਾਵ ਆਪਣਾ ਬਣਾਇਆ ਹੋਇਆ ਤਨਾਵ ਹੈ ਤੇ ਇਸ ਤੋਂ ਮੁਕਤੀ ਵੀ ਅਸੀਂ ਖ਼ੁਦ ਹੀ ਪਾ ਸਕਦੇ ਹਾਂ।

ਚਰਨਜੀਤ ਸਿੰਘ ਮੁਕਤਸਰ,
ਸੈਂਟਰ ਹੈੱਡ ਟੀਚਰ,ਸਰਕਾਰੀ ਪ੍ਰਾਇਮਰੀ ਸਕੂਲ ਝਬੇਲਵਾਲੀ,
ਜਿਲ੍ਹਾ ਸ੍ਰੀ ਮੁਕਤਸਰ ਸਾਹਿਬ।
ਮੋਬਾਈਲ ਨੰਬਰ 9501300716

# ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ ਲਈ ਦਿੱਲੀ ਵਿਖੇ ਹੋਈ ਵਿਸ਼ਾਲ ਕੌਮੀ ਰੈਲੀ

## ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਰਹੇਗਾ ਜਾਰੀ ,,: ਸੁਖਜੀਤ/ ਹੀਰੇਵਾਲਾ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 28 ਨਵੰਬਰ
INTERNATIONAL PAPER, 94636 01616
hardipchumber57@gmail.com




ਮਾਨਸਾ, 28 ਨਵੰਬਰ (ਆਤਮਾ ਸਿੰਘ ਪਮਾਰ)

ਦੇਸ਼ ਭਰ ਦੇ ਮੁਲਾਜ਼ਮਾਂ ਵੱਲੋਂ ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ ਲਈ ਐਨ ਐਮ ਓ ਪੀ ਐਸ ਦੇ ਸੱਦੇ ‘ਤੇ ਦਿੱਲੀ ਦੇ ਜੰਤਰ–ਮੰਤਰ ਵਿਖੇ ਦੇਸ ਪੱਧਰੀ ਰੈਲੀ ਦਾ ਆਯੋਜਨ ਕੀਤਾ ਗਿਆ। ਰੈਲੀ ‘ਚ ਪੰਜਾਬ ਸਮੇਤ ਕਈ ਵੱਖ ਵੱਖ ਰਾਜਾਂ ਤੋਂ ਹਜ਼ਾਰਾਂ ਮੁਲਾਜ਼ਮਾਂ ਨੇ ਭਾਗ ਲਿਆ।

ਸੀਪੀਐਫ ਕਰਮਚਾਰੀ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਅਤੇ ਐਨ ਐਮ ਓਪੀਐਸ ਦੇ ਕੌਮੀ ਸੀਨੀਅਰ ਮੀਤ ਪ੍ਰਧਾਨ ਸੁਖਜੀਤ ਸਿੰਘ ਨੇ ਦੱਸਿਆ ਕਿ ਮੁਲਾਜ਼ਮਾਂ ਵੱਲੋਂ ਪੁਰਾਣੀ ਪੈਨਸ਼ਨ ਸਕੀਮ ਨੂੰ ਦੁਬਾਰਾ ਲਾਗੂ ਕਰਨ ਦੀ ਮੰਗ ਜੋਰ-ਸ਼ੋਰ ਨਾਲ ਉਠਾਈ ਗਈ। ਉਹਨਾਂ ਕਿਹਾ ਕਿ ਐਨਪੀਐਸ ਅਤੇ ਯੂਪੀਐਸ ਮੁਲਾਜ਼ਮ ਵਿਰੋਧੀ ਨੀਤੀਆਂ ਹਨ, ਜਿਸ ਕਾਰਨ ਦੇਸ਼ ਭਰ ਦੇ ਮੁਲਾਜ਼ਮ ਰੋਸ ਅਤੇ ਤਣਾਅ ‘ਵਾਲਾ ਮਹੌਲ ਬਣਿਆ ਹੋਇਆ ਹੈ। ਜਿਸ ਕਾਰਨ ਸਮੁੱਚੇ ਮੁਲਾਜ਼ਮ ਇਕਸੁਰ ਹੋ ਕੇ ਇਹਨਾਂ ਨੀਤੀਆਂ ਦਾ ਵਿਰੋਧ ਕਰ ਰਹੇ ਹਨ।

ਸੀ ਪੀ ਐਫ ਕਰਮਚਾਰੀ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਧਰਮਿੰਦਰ ਸਿੰਘ ਹੀਰੇਵਾਲਾ ਵਾਲਾ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਪੰਜਾਬ ‘ਚ 2027 ਦੀਆਂ ਵਿਧਾਨ ਸਭਾ ਚੋਣਾਂ ਨਜ਼ਦੀਕ ਹਨ ਅਤੇ ਇਸ ਕਾਰਨ ਸਾਲ 2026 ‘ਚ ਪੰਜਾਬ ਦਾ ਸਮੂਹ ਮੁਲਾਜ਼ਮ ਵਰਗ ਵੱਡੇ ਪੱਧਰ ਤੇ ਸੰਘਰਸ਼ ਦਾ ਐਲਾਨ ਕਰੇਗਾ। ਉਹਨਾਂ ਸਪੱਸ਼ਟ ਕੀਤਾ ਕਿ ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ ਤੱਕ ਇਹ ਅੰਦੋਲਨ ਬਾਦਸਤੂਰ ਜਾਰੀ ਰਹੇਗਾ।

ਆਗੂਆਂ ਨੇ ਕਿਹਾ ਕਿ ਰੈਲੀ ਉਪਰੰਤ ਕੇਂਦਰ ਸਰਕਾਰ ਦੇ ਦਬਾਅ ਅਧੀਨ ਦਿੱਲੀ ਪੁਲਿਸ ਵੱਲੋਂ ਐਨ ਐਮ ਓਪੀਐਸ ਦੇ ਤਿੰਨ ਆਗੂਆਂ ‘ਤੇ ਦਰਜ਼ ਕੀਤੀ ਐਫ ਆਈਆਰ ਬਿੱਲਕੁੱਲ ਗਲਤ ਹੈ ਅਤੇ ਜੱਥੇਬੰਦੀ ਇਸ ਦੀ ਸਖਤ ਨਿਖੇਧੀ ਕਰਦੀ ਹੈ।

# ਅੰਤਰ ਜ਼ਿਲ੍ਹਾ ਪ੍ਰਾਇਮਰੀ ਸਕੂਲ ਖੇਡਾਂ ਵਿੱਚ ਮੋਹਾਲੀ ਜ਼ਿਲ੍ਹੇ ਦੇ ਮੁਹੰਮਦ ਫ਼ਰੀਦ ਨੇ ਜਿੱਤਿਆ ਕੁਸ਼ਤੀ ਵਿੱਚ ਗੋਲਡ ਮੈਡਲ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 28 ਨਵੰਬਰ
INTERNATIONAL PAPER, 94636 01616
hardipchumber57@gmail.com



ਮੁਹਾਲੀ ਮਿਤੀ 28 ਨਵੰਬਰ () ਪੰਜਾਬ ਸਰਕਾਰ ਦੀ ਸਿੱਖਿਆ ਅਤੇ ਖੇਡ ਕ੍ਰਾਂਤੀ ਤਹਿਤ,ਸਿੱਖਿਆ ਵਿਭਾਗ ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਚੱਲ ਰਹੀਆਂ ਅੰਤਰ ਜ਼ਿਲ੍ਹਾ ਪ੍ਰਾਇਮਰੀ ਸਕੂਲ ਖੇਡਾਂ ਦੇ ਕੁਸ਼ਤੀ ਦੇ ਮੁਕਾਬਲੇ ਜੋ ਕਿ ਪਟਿਆਲਾ ਵਿਖੇ ਹੋ ਰਹੇ ਹਨ,ਵਿੱਚ ਜ਼ਿਲ੍ਹਾ ਮੋਹਾਲੀ ਦੇ ਸਰਕਾਰੀ ਪ੍ਰਾਇਮਰੀ ਸਕੂਲ ਸਲੇਮਪੁਰ ਨੱਗਲ ਦੇ ਮੁਹੰਮਦ ਫ਼ਰੀਦ ਨੇ 30 ਕਿਲੋ ਵਰਗ ਵਿੱਚ ਕੁਸ਼ਤੀ ਮੁਕਾਬਲੇ ਵਿੱਚ ਗੋਲਡ ਮੈਡਲ ਜਿੱਤਣ ਵਿੱਚ ਸਫ਼ਲਤਾ ਪ੍ਰਾਪਤ ਕੀਤੀ ਹੈ। ਵਧੇਰੇ ਜਾਣਕਾਰੀ ਦਿੰਦਿਆਂ ਡੀਈਓ ਐਲੀਮੈਂਟਰੀ ਦਰਸ਼ਨਜੀਤ ਸਿੰਘ ਨੇ ਦੱਸਿਆ ਕਿ ਅੱਜ ਹੋਏ ਮੁਕਾਬਲੇ ਵਿੱਚ ਸਾਡੇ ਜ਼ਿਲ੍ਹੇ ਲਈ ਵੱਡੇ ਮਾਣ ਅਤੇ ਖੁਸ਼ੀ ਵਾਲੀ ਖ਼ਬਰ ਹੈ। ਇਸ ਮੌਕੇ ਉਨ੍ਹਾਂ ਵੱਲੋਂ ਬੱਚੇ ਮੁਹੰਮਦ ਫ਼ਰੀਦ ਨੂੰ, ਕੋਚ ਰਮਨ ਕੁਮਾਰ ਅਤੇ ਨਾਲ ਗਏ ਅਧਿਆਪਕਾਂ ਨੂੰ ਵੀ ਵਧਾਈ ਦਿੱਤੀ ਹੈ ਜਿਸ ਨੇ ਜ਼ਿਲ੍ਹਾ ਮੋਹਾਲੀ ਦਾ ਨਾਮ ਰੌਸ਼ਨ ਕੀਤਾ ਹੈ। ਇਸੇ ਤਰ੍ਹਾਂ ਵਰਗ 25 ਕਿਲੋ ਵਿੱਚ ਵੀ ਰਾਹੁਲ ਸਰਕਾਰੀ ਪ੍ਰਾਇਮਰੀ ਸਕੂਲ ਮੁੰਡੀ ਖਰੜ ਨੇ ਵੀ ਤੀਜਾ ਸਥਾਨ ਪ੍ਰਾਪਤ ਕੀਤਾ ਹੈ। ਇਸ ਮੌਕੇ ਡਿਪਟੀ ਡੀਈਓ ਪਰਮਿੰਦਰ ਕੌਰ,ਜ਼ਿਲ੍ਹਾ ਖੇਡ ਕਨਵੀਨਰ ਬਲਜੀਤ ਸਿੰਘ ਸਨੇਟਾ,ਸਹਾਇਕ ਕਨਵੀਨਰ ਜਗਦੀਪ ਸਿੰਘ ਕਲੋਲੀ ਅਤੇ ਜ਼ਿਲ੍ਹਾ ਖੇਡ ਕਮੇਟੀ ਦੇ ਸਮੁੱਚੇ ਮੈਂਬਰਾਂ ਵਿੱਚ ਖੁਸ਼ੀ ਦੀ ਲਹਿਰ ਬਣੀ ਰਹੀ ਅਤੇ ਉਹਨਾਂ ਨੇ ਵੀ ਆਪਣੀ ਮੁਬਾਰਕਾਂ ਦਿੱਤੀਆਂ

# ਥਾਣੇਦਾਰ ਗੁਰਦਿਆਲ ਸਿੰਘ ਨੇ ਡਿਊਟੀ ਦੌਰਾਨ ਦੁਨੀਆਂ ਨੂੰ ਅਲਵਿਦਾ ਆਖਿਆ

## ਇਕਲੌਤੀ ਬੇਟੀ ਨੇ ਪਿਤਾ ਦੀ ਅਰਥੀ ਨੂੰ ਮੋਢਾ ਦੇਣ ਉਪਰੰਤ ਦਿੱਤੀ ਚਿਖਾ ਨੂੰ ਅਗਨੀ

“Equality and justice”
Patiala 28 November
INTERNATIONAL PAPER, 94636 01616
hardipchumber57@gmail.com



ਸੜੋਆ (ਸਤਨਾਮ ਸਿੰਘ ਸਹੂੰਗੜਾ) ਥਾਣੇਦਾਰ ਗੁਰਦਿਆਲ ਸਿੰਘ ਪੁੱਤਰ ਚਰਨ ਦਾਸ ਵਾਸੀ ਸਹੂੰਗੜਾ ਜੋ ਕਿ ਆਪਣੀ ਆਖ਼ਰੀ ਡਿਊਟੀ ਸਿੱਖ ਕੌਮ ਦੇ ਮੱਕਾ ਕਹੇ ਜਾਣ ਵਾਲੇ ਪਵਿੱਤਰ ਅਸਥਾਨ ਸ੍ਰੀ ਆਨੰਦਪੁਰ ਸਾਹਿਬ ਵਿਖੇ ਨਿਭਾ ਰਹੇ ਸਨ। ਇਸ ਰੰਗਲੀ ਦੁਨੀਆਂ ਨੂੰ ਅੱਜ ਸਦਾ ਲਈ ਅਲਵਿਦਾ ਆਖ ਗਏ ਹਨ। ਪੰਜਾਬ ਸਰਕਾਰ ਵੱਲੋਂ ਸ੍ਰੀ ਆਨੰਦਪੁਰ ਸਾਹਿਬ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਵਸ ਤੇ ਸੁਰੱਖਿਆ ਦੇ ਮੱਦੇਨਜ਼ਰ ਪੁਲਿਸ ਜਵਾਨਾਂ ਦੀਆਂ ਡਿਊਟੀਆਂ ਲੱਗੀਆਂ ਹੋਣ ਕਰਕੇ ਥਾਣੇਦਾਰ ਗੁਰਦਿਆਲ ਸਿੰਘ ਵੀ ਤਿੰਨ ਦਿਨ ਪਹਿਲਾਂ ਘਰੋਂ 6 ਵਜੇ ਸਵੇਰੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਆਪਣਾ ਫਰਜ਼ ਨਿਭਾਉਣ ਚਲਾ ਗਿਆ। ਪਰ ਉਸ ਨੂੰ ਇਹ ਨਹੀਂ ਸੀ ਪਤਾ, ਕਿ ਇਹ ਸਫ਼ਰ ਤੇ ਉਸਦੀ ਇਹ ਆਖਰੀ ਡਿਊਟੀ ਹੋਵੇਗੀ। ਥਾਣੇਦਾਰ ਗੁਰਦਿਆਲ ਸਿੰਘ ਦੀ ਡਿਊਟੀ ਬਾਬਾ ਜੀਵਨ ਸਿੰਘ ਗੁਰਦੁਆਰਾ ਸਾਹਿਬ ਦੇ ਨੇੜੇ ਲੱਗੀ ਹੋਈ ਸੀ। ਸਾਥੀ ਮੁਲਾਜ਼ਮਾਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਏ ਐਸ ਆਈ ਗੁਰਦਿਆਲ ਸਿੰਘ ਨੇ ਡਿਊਟੀ ਦੌਰਾਨ ਖੁਦ ਨੂੰ ਥੋੜੀ ਜਿਹੀ ਘਬਰਾਹਟ ਹੋਣ ਵਾਰੇ ਦੱਸਿਆ। ਤਦ ਤੁਰੰਤ ਉਹਨਾਂ ਨੂੰ ਸਾਥੀ ਮੁਲਾਜ਼ਮਾਂ ਵਲੋਂ ਐਬੂਲੈਂਸ ਰਾਹੀਂ ਨੇੜਲੇ ਹਸਪਤਾਲ ਲਿਜਾਇਆ ਗਿਆ। ਜਿੱਥੇ ਥਾਣੇਦਾਰ ਗੁਰਦਿਆਲ ਸਿੰਘ ਨੂੰ ਜਬਰਦਸਤ ਲਗਾਤਾਰ ਤਿੰਨ ਅਟੈਕ ਆਉਣ ਨਾਲ ਡਾਕਟਰਾਂ ਵਲੋਂ ਉਸਦੀ ਕੀਮਤੀ ਜਾਨ ਨੂੰ ਬਚਾਉਣਾ ਮੁਸ਼ਕਿਲ ਹੋ ਗਿਆ। ਡਾਕਟਰਾਂ ਦੀਆਂ ਲੱਖਾਂ ਕੋਸ਼ਿਸ਼ਾਂ ਦੇ ਬਾਵਜੂਦ ਥਾਣੇਦਾਰ ਗੁਰਦਿਆਲ ਸਿੰਘ ਇਸ ਰੰਗਲੀ ਦੁਨੀਆਂ ਨੂੰ ਸਦਾ ਲਈ ਅਲਵਿਦਾ ਆਖ ਗਿਆ। ਗੁਰਦਿਆਲ ਸਿੰਘ ਦੇ ਚਾਚਾ ਸਰਦਾਰ ਸੁੱਚਾ ਸਿੰਘ ਰਿਟਾਇਰਡ ਥਾਣੇਦਾਰ ਨੇ ਦੱਸਿਆ ਕਿ ਗੁਰਦਿਆਲ ਸਿੰਘ ਸਨ 1992 ਵਿੱਚ ਪੰਜਾਬ ਆਰਮਡ ਪੁਲਿਸ ਵਿੱਚ ਜਲੰਧਰ ਵਿਖੇ ਭਾਰਤੀ ਹੋਇਆ ਸੀ। ਇਸ ਦੀ ਡਿਊਟੀ ਜਿਆਦਾਤਰ ਚੰਡੀਗੜ੍ਹ ਵਿਖੇ ਹੀ ਰਹੀ ਸੀ। ਥਾਣੇਦਾਰ ਗੁਰਦਿਆਲ ਸਿੰਘ ਦੇ ਪਰਿਵਾਰ ਵਿੱਚ ਪਤਨੀ ਭੁਪਿੰਦਰ ਕੌਰ ਤੋਂ ਇਲਾਵਾ ਸਿਰਫ ਬੇਟੀ ਰੁਬੀ ਹੀ ਹੈ। ਜੋ ਕੁਝ ਸਮਾਂ ਪਹਿਲਾਂ ਹੀ ਕਨੇਡਾ ਵਿਖੇ ਉਜਵੱਲ ਭਵਿੱਖ ਦੀ ਤਮੰਨਾ ਲੈ ਕੇ ਬੜੇ ਚਾਵਾਂ ਨਾਲ ਗਈ ਸੀ, ਨੂੰ ਕੀ ਪਤਾ ਸੀ ਕਿ ਉਸ ਨੂੰ ਬਹੁਤੇ ਚਾਵਾਂ ਨਾਲ ਤੋਰਨ ਵਾਲਾ ਉਸਦੇ ਆਉਣ ਵਾਲੇ ਭਵਿੱਖ ਨੂੰ ਸ਼ਿੰਗਾਰਨ ਵਾਲਾ ਉਸਦਾ ਬਾਬਲ ਉਸ ਨੂੰ ਇਸ ਤਰੀਕੇ ਨਾਲ ਵਾਪਸ ਆਪਣੇ ਕੋਲ ਬੁਲਾਏਗਾ। ਖੈਰ ਅੱਜ ਬੇਟੀ ਦੇ ਵਾਪਸ ਆਉਣ ਤੇ ਥਾਣੇਦਾਰ ਗੁਰਦਿਆਲ ਸਿੰਘ ਦਾ ਅੰਤਿਮ ਸੰਸਕਾਰ ਕੀਤਾ ਗਿਆ। ਬੇਟੀ ਵੱਲੋਂ ਪਿਤਾ ਦੀ ਅਰਥੀ ਨੂੰ ਮੋਢਾ ਦਿੱਤਾ ਗਿਆ। ਪਿੰਡ ਸਹੂੰਗੜਾ ਦੇ ਸ਼ਮਸ਼ਾਨ ਘਾਟ ਵਿਖੇ ਪੰਜਾਬ ਪੁਲਿਸ ਦੀ ਟੁਕੜੀ ਵੱਲੋਂ ਥਾਣੇਦਾਰ ਗੁਰਦਿਆਲ ਸਿੰਘ ਦੀ ਮਿਰਤਕ ਦੇਹ ਨੂੰ ਸਲਾਮੀ ਦਿੱਤੀ ਗਈ ਉਪਰੰਤ ਅੰਤਿਮ ਸੰਸਕਾਰ ਕਰ ਦਿੱਤਾ ਗਿਆ। ਅੰਤਿਮ ਸੰਸਕਾਰ ਸਮੇਂ ਸਰਪੰਚ ਹਰਭਜਨ ਸਿੰਘ, ਪੰਚ ਕੁਲਦੀਪ ਸਿੰਘ, ਪੰਚ ਰਸ਼ਪਾਲ ਸਿੰਘ, ਨੰਬਰਦਾਰ ਸਤਨਾਮ ਸਿੰਘ ਖੇਲਾ, ਨੰਬਰਦਾਰ ਓਮ ਪ੍ਰਕਾਸ਼ ਸਿੰਘ, ਨੰਬਰਦਾਰ ਮੁਖਤਿਆਰ ਸਿੰਘ, ਪੰਚ ਗੁਰਪਾਲ ਕੌਰ, ਜਥੇਦਾਰ ਬਗੀਚਾ ਸਿੰਘ, ਏ ਐਸ ਆਈ ਸੁਰਜੀਤ ਸਿੰਘ ਸਹੂੰਗੜਾ, ਹਰਦੀਪ ਸਿੰਘ, ਜਸਵਿੰਦਰ ਕਲੇਰ, ਸੀਨੀਅਰ ਆਪ ਆਗੂ ਅਸ਼ੋਕ ਕਟਾਰੀਆ, ਆਪ ਪਾਰਟੀ ਦੇ ਬਲਾਕ ਪ੍ਰਧਾਨ ਸਤਨਾਮ ਸਹੂੰਗੜਾ, ਗੁਰਚੈਨ ਬੇਗਮਪੁਰ, ਠੇਕੇਦਾਰ ਦਿਲਬਾਗ ਸਿੰਘ, ਰਾਮ ਸਰੂਪ, ਪੰਚ ਅਜੀਤਪਾਲ ਸਿੰਘ ਖੇਲਾ, ਸੰਤੋਖ ਸਿੰਘ ਖੇਲਾ, ਹਰਨੇਕ ਸਿੰਘ ਖੇਲਾ, ਪ੍ਰੀਤਮ ਸਿੰਘ, ਚੌਂਕੀਦਾਰ ਜਸਵਿੰਦਰ ਕੁਮਾਰ, ਲਖੀਆ, ਕੁਲਵਿੰਦਰ ਕੁਮਾਰ, ਵੱਡੀ ਗਿਣਤੀ ਵਿਚ ਪਿੰਡ ਵਾਸੀ ਤੇ ਰਿਸ਼ਤੇਦਾਰ, ਮਿੱਤਰ ਸੱਜਣਾਂ ਤੋਂ ਇਲਾਵਾ ਪੁਲਿਸ ਵਿਭਾਗ ਦੇ ਸੀਨੀਅਰ ਅਧਿਕਾਰੀ ਤੇ ਹੋਰ ਮੁਲਾਜ਼ਮ ਵੀ ਹਾਜ਼ਰ ਸਨ।

# ਏਕ ਨੂਰ ਸਵੈ ਸੇਵੀ ਸੰਸਥਾ ਪਠਲਾਵਾ ਦੀ ਅਹਿਮ ਮੀਟਿੰਗ 30 ਨਵੰਬਰ ਨੂੰ

"Equality and justice"
Patiala 28 November
INTERNATIONAL PAPER, 94636 01616
hardipchumber57@gmail.com

ਬੰਗਾ 29 ਨਵੰਬਰ ( ਚਰਨਜੀਤ ਸੱਲ੍ਹਾਂ) ਸਮਾਜ ਸੇਵੀ ਕਾਰਜਾਂ ਲਈ ਜ਼ਿਲਾ ਸ਼ਹੀਦ ਭਗਤ ਸਿੰਘ ਨਗਰ ਦੀ ਸਿਰਮੌਰ ਸੰਸਥਾ ਏਕ ਨੂਰ ਸਵੈ ਸੇਵੀ ਸੰਸਥਾ ਪਠਲਾਵਾ ਦੀ ਇਕ ਬੁਹਤ ਹੀ ਮਹੱਤਵਪੂਰਨ ਮੀਟਿੰਗ ਸੰਸਥਾ ਦੇ ਚੇਅਰਮੈਨ ਸ ਇੰਦਰਜੀਤ ਸਿੰਘ ਵਾਰੀਆ ਜੀ ਦੀ ਰਹਿਨੁਮਾਈ ਹੇਠ ਵਾਰੀਆਂ ਪਰਿਵਾਰ ਦੇ ਗ੍ਰਹਿ ਪਿੰਡ ਪਠਲਾਵਾ ਵਿਖੇ ਪਾਰਕ ਵਿਚ 30 ਨਵੰਬਰ ਨੂੰ ਹੋਣ ਜਾ ਰਹੀ ਹੈ। ਮੀਟਿੰਗ ਦੇ ਏਜੰਡੇ ਵਾਰੇ ਪ੍ਰੈਸ ਨੂੰ ਜਾਣਕਾਰੀ ਸਾਂਝੀ ਕਰਦਿਆਂ ਸੰਸਥਾ ਦੇ ਪ੍ਰਧਾਨ ਸ ਪ੍ਰਮਜੀਤ ਸਿੰਘ ਸੂਰਾਪੁਰ, ਕਾਰਜਕਾਰੀ ਪ੍ਰਧਾਨ ਸ ਬਲਵੀਰ ਸਿੰਘ ਯੂ ਕੇ ਸਾਹਿਬ, ਜਨਰਲ ਸਕੱਤਰ ਮਾ



ਤਰਲੋਚਨ ਸਿੰਘ ਪਠਲਾਵਾ ਅਤੇ ਸੰਸਥਾ ਦੇ ਮੁਖ ਬੁਲਾਰੇ ਲੈਕਚਰਾਰ ਤਰਸੇਮ ਪਠਲਾਵਾ ਨੇ ਦੱਸਿਆ ਕਿ ਸੰਸਥਾ ਦੇ 28 ਵੇਂ ਸਲਾਨਾ ਸਹਾਇਤਾ ਵੰਡ ਸਮਾਗਮ ਨੂੰ ਵਿਧੀਵਤ ਢੰਗ ਨਾਲ ਕਰਵਾਉਣ , ਜਗਾ ਦੀ ਚੋਣ, ਲੋੜਵੰਦ ਸਮਾਜ ਨੂੰ ਦਿੱਤੀ ਜਾਣ ਵਾਲੀ ਸਹਾਇਤਾ ਸਮੱਗਰੀ ਤੋਂ ਇਲਾਵਾ ਹੋਰ ਮਹੱਤਵਪੂਰਨ ਵਿਚਾਰਾਂ ਇਸ ਮੀਟਿੰਗ ਦਾ ਹਿੱਸਾ ਹੋਣਗੀਆਂ। ਬੁਲਾਰਿਆਂ ਨੇ ਹੋਰ ਜਾਣਕਾਰੀ ਸਾਂਝੀ ਕਰਦਿਆਂ ਆਖਿਆ ਕਿ ਪਹਿਲਾਂ ਦੀ ਤਰਾਂ ਇਸ ਸਮਾਗਮ ਵਿੱਚ ਵੀ ਪੰਜਾਬ ਦੀਆਂ ਉਹਨਾਂ ਸਮਾਜ ਸੇਵੀ ਸੰਸਥਾਵਾਂ ਅਤੇ ਸ਼ਖਸ਼ੀਅਤਾਂ ਦੇ ਸਨਮਾਨ ਲਈ ਚੋਣ ਵਾਰੇ ਵਿਚਾਰਾਂ ਕੀਤੀਆਂ ਜਾਣਗੀਆਂ ਜਿਨਾਂ ਨੇ ਸਮਾਜ ਸੇਵਾ ਦੇ ਖੇਤਰ ਵਿਚ ਵਿਲੱਖਣ ਪਛਾਣ ਬਣਾਈ ਹੋਵੇ।

ਸੰਸਥਾ ਦੇ ਬਾਨੀ ਸਰਪ੍ਰਸਤ ਸਵ ਸ ਮਹਿੰਦਰ ਸਿੰਘ ਵਾਰੀਆ ਜੀ ਜਿਨਾਂ ਦੀ 15 ਵੀਂ ਸਲਾਨਾ ਬਰਸੀ ਦਸੰਬਰ ਦੇ ਪਹਿਲੇ ਐਤਵਾਰ ਨੂੰ ਹੋਣ ਜਾ ਰਹੀ ਵਾਰੇ ਵੀ ਗੱਲ ਬਾਤ ਹੋਵੇਗੀ। ਪਿਛਲੇ ਤਿੰਨ ਸਾਲਾਂ ਦੇ ਹੋਏ ਕਾਰਜਾਂ ਲਈ ਸੰਸਥਾ ਵਲੋਂ ਇਕ ਅਹਿਮ ਕਿਤਾਬਚੇ ਨੂੰ ਵੀ ਪ੍ਰਕਾਸ਼ਿਤ ਕਰਨ ਵਾਰੇ ਵੀ ਵਿਚਾਰਾਂ ਨੂੰ ਇਸ ਮੀਟਿੰਗ ਦਾ ਹਿੱਸਾ ਬਣਾਇਆ ਜਾਵੇਗਾ। ਸੰਸਥਾ ਦੇ ਸੰਮੂਹ ਅਹੁਦੇਦਾਰ ਅਤੇ ਮੈਂਬਰਾਨ ਸਮੇਤ ਇਸਤਰੀ ਵਿੰਗ ਨੂੰ ਸਤਿਕਾਰ ਸਹਿਤ ਅਪੀਲ ਕੀਤੀ ਜਾਂਦੀ ਹੈ ਕਿ ਇਸ ਮੀਟਿੰਗ ਦੀ ਅਹਿਮੀਅਤ ਨੂੰ ਸਮਝਦਿਆਂ ਮੀਟਿੰਗ ਵਿੱਚ ਸ਼ਾਮਲ ਹੋਣ ਦੀ ਕਿਰਪਾਲਤਾ ਕਰਨੀ ਜੀ । ਇਸ ਮੌਕੇ ਹੋਰਨਾਂ ਤੋਂ ਇਲਾਵਾ ਸੰਸਥਾ ਦੇ ਸਰਪ੍ਰਸਤ ਸ ਬਲਵੀਰ ਸਿੰਘ ਐਕਸ ਆਰਮੀ ਸਾਹਿਬ, ਚੇਅਰਮੈਨ ਸੰਦੀਪ ਕੁਮਾਰ ਗੌੜ, ਰਾਣਾ ਪਰਵਿੰਦਰ ਸਿੰਘ ਪੋਸੀ , ਸਤੀਸ਼ ਕੁਮਾਰ ਐਮਾਂ ਜੱਟਾਂ,ਡਾ ਕੁਲਦੀਪ ਰਾਜ ਬੰਗਾ,ਮਾ ਰਮੇਸ਼ ਕੁਮਾਰ, ਅਮਰਜੀਤ ਸਿੰਘ ਸੂਰਾਪੁਰ,ਆਤਮਾਂ ਸਿੰਘ ਸੂਰਾਪੁਰ ਸੰਸਥਾ ਦੇ ਪ੍ਰੈਸ ਸਕੱਤਰ ਮਾ ਸੁਰਿੰਦਰ ਸਿੰਘ ਕਰਮ, ਜੀ ਚੰਨੀ ਪਠਲਾਵਾ, ਮੀਡੀਆ ਇੰਚਾਰਜ ਹਰਜੀਤ ਸਿੰਘ ਜੀਤਾ, ਪ੍ਰੋ ਚਰਨਜੀਤ ਸਿੰਘ ਪੋਸੀ ਹਾਜਿਰ ਸਨ

# ਪੇਂਡੂ ਮਜ਼ਦੂਰ ਯੂਨੀਅਨ ਦਾ ਤਹਿਸੀਲ ਪੱਧਰੀ ਡੈਲੀਗੇਟ ਅਜਲਾਸ ਹੋਇਆ

## ਗੁਰਬਖਸ਼ ਕੌਰ ਸਾਦਿਕਪੁਰ ਪ੍ਰਧਾਨ, ਗੁਰਚਰਨ ਸਿੰਘ ਅਟਵਾਲ ਸਕੱਤਰ ਚੁਣੇ ਗਏ, ਕਿਰਤ ਕਾਨੂੰਨਾਂ ਨੂੰ ਮਜ਼ਦੂਰ ਵਿਰੋਧੀ ਚਾਰ ਕਿਰਤ ਕੋਡਾ ਚ ਤਬਦੀਲ ਕਰਕੇ ਨੋਟੀਫਾਈ ਕਰਨ ਦੀ ਨਿੰਦਾ

"Equality and justice"
Patiala 28 November
INTERNATIONAL PAPER, 94636 01616
hardipchumber57@gmail.com

ਸ਼ਾ ਹ ਕੋ ਟ , ਨਵੰਬਰ,(ਚਰਨਜੀਤ ਸੱਲ੍ਹਾਂ )

ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਵਲੋਂ ਪਿੰਡ ਬੱਗਾ ਵਿਖੇ ਆਪਣਾ ਤਹਿਸੀਲ ਪੱਧਰੀ ਡੈਲੀਗੇਟ ਅਜਲਾਸ ਕੀਤਾ ਗਿਆ। ਇਸ ਮੌਕੇ 22 ਪਿੰਡਾਂ ਤੋਂ ਚੁਣੇ ਗਏ ਡੈਲੀਗੇਟਾਂ ਨੇ ਸ਼ਿਰਕਤ ਕੀਤੀ। ਯੂਨੀਅਨ ਦੇ ਸੂਬਾ ਆਗੂ ਤੇ ਜ਼ਿਲ੍ਹਾ ਪ੍ਰਧਾਨ ਹੰਸ ਰਾਜ ਪੱਬਵਾਂ ਵਲੋਂ ਯੂਨੀਅਨ ਦਾ ਝੰਡਾ ਚੜ੍ਹਾਉਣ ਉਪਰੰਤ ਮਜ਼ਦੂਰ ਲਹਿਰ ਦੇ ਵਿਛੜੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕਰਨ ਨਾਲ ਅਜਲਾਸ ਦੀ ਸ਼ੁਰੂਆਤ ਹੋਈ।

ਯੂਨੀਅਨ ਦੇ ਆਗੂ ਗੁਰਬਖਸ਼ ਕੌਰ ਸਾਦਿਕਪੁਰ ਅਤੇ ਗੁਰਚਰਨ ਸਿੰਘ ਅਟਵਾਲ ਨੇ ਤਹਿਸੀਲ ਕਮੇਟੀ ਸ਼ਾਹਕੋਟ ਦੀਆਂ ਸਰਗਰਮੀਆਂ ਦੀ ਰੀਵਿਊ ਰਿਪੋਰਟ ਅਤੇ ਵਿਧਾਨ ਤੇ ਐਲਾਨ ਨਾਮਾ ਪੇਸ਼ ਕੀਤਾ। ਜਿਸ ਨੂੰ ਵਿਚਾਰ ਵਿਟਾਂਦਰੇ ਉਪਰੰਤ ਪਾਸ ਕੀਤਾ ਗਿਆ।

ਇਸ ਮੌਕੇ ਯੂਨੀਅਨ ਦੇ ਸੂਬਾ ਪ੍ਰੈੱਸ ਸਕੱਤਰ ਕਸ਼ਮੀਰ ਸਿੰਘ ਘੁੱਗਸ਼ੋਰ, ਜ਼ਿਲ੍ਹਾ ਪ੍ਰਧਾਨ ਹੰਸ ਰਾਜ ਪੱਬਵਾਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਹੁਣ ਤੱਕ ਜੋ ਵੀ ਸਰਕਾਰਾਂ ਰਾਜ ਸੱਤਾ ਉੱਤੇ ਕਾਬਜ ਹੋਈਆਂ। ਸਭ ਨੇ ਦੇਸੀ ਵਿਦੇਸ਼ੀ ਕਾਰਪੋਰੇਟ ਘਰਾਣਿਆਂ, ਜਗੀਰਦਾਰਾਂ ਤੇ ਸਰਮਾਏਦਾਰਾਂ ਪੱਖੀ ਨੀਤੀਆਂ ਲਿਆਂਦੀਆਂ ਅਤੇ ਲਾਗੂ ਕੀਤੀਆਂ। ਫਾਸ਼ੀਵਾਦੀ ਹਕੂਮਤ ਵਿਰੋਧ ਦੀ ਆਵਾਜ਼ ਨੂੰ ਕੁਚਲਣ ਲਈ ਜੇਲ੍ਹਾਂ,ਝੂਠੇ ਕੇਸਾਂ ਦਾ ਸਹਾਰਾ ਲੈ ਰਹੀ ਹੈ। ਕਿਸੇ ਵੀ ਸਰਕਾਰ ਨੇ ਮਜ਼ਦੂਰਾਂ ਦੀ ਜ਼ਿੰਦਗੀ ਸੁਧਾਰਨ ਲਈ ਕੋਈ ਵੀ ਉਪਰਾਲਾ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਮਜ਼ਦੂਰਾਂ ਦੀ ਜ਼ਿੰਦਗੀ ਵਿੱਚ ਸਿਫ਼ਤੀ ਤਬਦੀਲੀ ਲਈ ਜ਼ਮੀਨ ਦੀ ਕਾਣੀ ਵੰਡ ਖ਼ਤਮ ਕਰਕੇ ਵਾਧੂ ਜ਼ਮੀਨ ਬੇਜ਼ਮੀਨੇ ਮਜ਼ਦੂਰਾਂ ਤੇ ਛੋਟੇ ਕਿਸਾਨਾਂ ਤੇ ਵੰਡੀਆਂ ਜਾਣ,ਪੰਚਾਇਤੀ ਜ਼ਮੀਨਾਂ ਚੋਂ ਰਾਖਵੇਂ ਤੀਸਰੇ ਹਿੱਸੇ ਦਾ ਹੱਕ ਦਲਿਤਾਂ ਨੂੰ ਅਮਲ ਵਿੱਚ ਦਿੱਤਾ ਜਾਵੇ,ਲਾਲ ਲਕੀਰ ਵਿੱਚ ਰਹਿੰਦੇ ਪਰਿਵਾਰਾਂ ਨੂੰ ਮਾਲਕੀ ਹੱਕ ਦਿੱਤੇ ਜਾਣ, ਲੋੜਵੰਦ ਪਰਿਵਾਰਾਂ ਨੂੰ ਰਿਹਾਇਸ਼ੀ ਪਲਾਟ ਤੇ ਮਕਾਨ ਉਸਾਰੀ ਲਈ ਗ੍ਰਾਂਟਾਂ ਦਿੱਤੀਆਂ ਜਾਣ, ਮਜ਼ਦੂਰਾਂ ਦੀ ਦਿਹਾੜੀ 1 ਹਜ਼ਾਰ ਰੁਪਏ ਕੀਤੀ ਜਾਵੇ, ਮਜ਼ਦੂਰਾਂ ਦੇ ਸਰਕਾਰੀ,ਸਹਿਕਾਰੀ ਅਤੇ ਗੈਰ ਸਰਕਾਰੀ ਕਰਜ਼ੇ ਮੁਆਫ਼ ਕੀਤੇ ਜਾਣ ਤੇ ਬਦਲਵੇਂ ਕਰਜ਼ੇ ਦਾ ਪ੍ਰਬੰਧ ਕੀਤਾ ਜਾਵੇ ਅਤੇ ਸਮਾਜਿਕ ਜ਼ਬਰ ਖ਼ਤਮ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਬੁਨਿਆਦੀ ਮੁੱਦਿਆਂ ਦੇ ਹੱਲ ਲਈ ਪੇਂਡੂ ਮਜ਼ਦੂਰਾਂ ਨੂੰ ਜਥੇਬੰਦੀ ਦੇ ਝੰਡੇ ਹੇਠ ਲਾਮਬੰਦ ਹੋ ਕੇ ਸੰਘਰਸ਼ਾਂ ਦੇ ਰਾਹ ਪੈਣਾ ਹੋਵੇਗਾ।



ਇਸ ਮੌਕੇ ਇੱਕ ਮਤਾ ਪਾਸ ਕਰਕੇ ਫਾਸ਼ੀਵਾਦੀ ਹਕੂਮਤ ਵਲੋਂ ਕਿਰਤ ਕਾਨੂੰਨਾਂ ਨੂੰ ਮਜ਼ਦੂਰ ਵਿਰੋਧੀ ਚਾਰ ਕਿਰਤ ਕੋਡਾ ਚ ਤਬਦੀਲ ਕਰਕੇ ਨੋਟੀਫਾਈ ਕਰਨ ਦੀ ਨਿੰਦਾ ਕਰਦਿਆਂ ਇਹਨਾਂ ਨੂੰ ਰੱਦ ਕਰਨ ਦੀ ਮੰਗ ਕੀਤੀ ਗਈ।

ਇਸ ਮੌਕੇ ਡੈਲੀਗੇਟ ਅਜਲਾਸ ਨੇ 9 ਮੈਂਬਰੀ ਤਹਿਸੀਲ ਕਮੇਟੀ ਦੀ ਚੋਣ ਕੀਤੀ। ਜਿਸ ਵਿੱਚ ਗੁਰਬਖਸ਼ ਕੌਰ ਸਾਦਿਕਪੁਰ ਪ੍ਰਧਾਨ,ਗੁਰਚਰਨ ਸਿੰਘ ਅਟਵਾਲ ਸਕੱਤਰ, ਗੁਰਮੀਤ ਸਿੰਘ ਮੀਤ ਪ੍ਰਧਾਨ, ਪ੍ਰਵੀਨ ਕੌਰ ਨੱਲ ਵਿੱਤ ਸਕੱਤਰ,ਸੁਖਦੇਵ ਸਿੰਘ ਮੁਰਾਜਵਾਲਾ, ਜਸਵਿੰਦਰ ਕੌਰ,ਭਜਨੋ ਬੱਗਾ, ਅਮਰਜੀਤ ਕੌਰ ਰੌਤਾ ਅਤੇ ਧਰਮਾਂ ਕਮੇਟੀ ਮੈਂਬਰ ਚੁਣੇ ਗਏ।

ਅੰਤ ਤਹਿਸੀਲ ਤਹਿਸੀਲ ਸਕੱਤਰ ਗੁਰਚਰਨ ਸਿੰਘ ਅਟਵਾਲ ਨੇ ਹਾਜ਼ਿਰ ਡੈਲੀਗੇਟਾਂ ਦਾ ਧੰਨਵਾਦ ਕੀਤਾ ਅਤੇ ਚੁਣੇ ਗਏ ਡੈਲੀਗੇਟਾਂ ਨੂੰ 2 ਦਸੰਬਰ ਨੂੰ ਜ਼ਿਲ੍ਹਾ ਅਜਲਾਸ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ।

## ਡਾ. ਬੀ. ਆਰ. ਅੰਬੇਡਕਰ ਦਾ ਪ੍ਰਧਾਨਗੀ ਭਾਸ਼ਣ, ਅਖਿਲ ਭਾਰਤੀ ਦਲਿਤ ਵਰਗ ਸੰਮੇਲਨ ਨਾਗਪੁਰ, 8 ਅਗਸਤ, 1930

3 ਨੰਬਰ ਪੇਜ਼ ਦਾ ਬਾਕੀ ਭਾਗ

ਵੀ ਦੇਵੇਗਾ। ਅਜਿਹੀ ਦਇਆ ਦਿਖਾਉਣ ਦੇ ਕਾਰਨਾਂ ਦੀ ਕੋਈ ਕਮੀ ਨਹੀਂ ਸੀ। ਇਹ ਮੇਰੀ ਸਮਝ ਤੋਂ ਪਰੇ ਹੈ ਕਿ ਸੰਵਿਧਾਨ ਬਣਾਉਣ ਸਮੇਂ ਕੋਈ ਭਾਈਚਾਰਾ ਰਾਜਾ ਪ੍ਰਤੀ ਆਪਣੀ ਵਫ਼ਾਦਾਰੀ ਦੇ ਆਧਾਰ 'ਤੇ ਆਪਣੇ ਲਈ ਕੁਝ ਵਿਸ਼ੇਸ਼ ਅਧਿਕਾਰ ਕਿਵੇਂ ਪ੍ਰਾਪਤ ਕਰ ਸਕਦਾ ਹੈ। ਪਰ ਜਿੱਥੋਂ ਤੱਕ ਰਾਜੇ ਪ੍ਰਤੀ ਵਫ਼ਾਦਾਰੀ ਕਰਕੇ ਭਾਰਤ ਵਿੱਚ ਕੁਝ ਰਾਜਨੀਤਿਕ ਵਿਸ਼ੇਸ਼ ਅਧਿਕਾਰ ਖਰੀਦਣ ਦੇ ਸਵਾਲ ਦਾ ਸਵਾਲ ਹੈ, ਦਲਿਤ ਵਰਗ ਦੀ ਵਫ਼ਾਦਾਰੀ ਅਸੀਮਿਤ ਸੀ। ਉਹ ਅੰਗਰੇਜ਼ਾਂ ਨੂੰ ਸਿਰਫ਼ ਸਿਧਾਂਤਾਂ ਲਈ ਹੀ ਪਿਆਰ ਨਹੀਂ ਕਰਦੇ ਸਨ, ਸਗੋਂ ਉਨ੍ਹਾਂ ਨਾਲ ਵੀ ਜੁੜੇ ਹੋਏ ਸਨ। ਦਲਿਤ ਵਰਗ ਲਈ ਵਿਸ਼ੇਸ਼ ਅਧਿਕਾਰਾਂ ਦੀ ਮੰਗ ਦਾ ਮਜ਼ਬੂਤ ਦਾਅਵਾ ਦਲਿਤ ਵਰਗ ਦੀ ਬਹੁਤ ਹੀ ਮਾੜੀ ਹਾਲਤ ਨਾਲ ਜੁੜਿਆ ਹੋਇਆ ਸੀ। ਭਾਰਤ ਵਿੱਚ ਕੋਈ ਵੀ ਘੱਟ ਗਿਣਤੀ ਵਰਗ ਇਸ ਦਲਿਤ ਵਰਗ ਜਿੰਨਾ ਦੱਬਿਆ-ਕੁਚਲਿਆ ਨਹੀਂ ਹੈ ਅਤੇ ਇਸ ਤੋਂ ਇਲਾਵਾ, ਉਨ੍ਹਾਂ ਦੇ ਦੁੱਖ ਇੰਨੇ ਅਸਾਧਾਰਨ ਅਤੇ ਇੰਨੇ ਜ਼ਿਆਦਾ ਹਨ ਕਿ ਉਹ ਸ਼ਾਇਦ ਭਾਰਤ ਨੂੰ ਸਵੈ-ਸ਼ਾਸਨ ਲਈ ਅਯੋਗ ਐਲਾਨਣ ਲਈ ਕਾਫ਼ੀ ਸਨ। ਬਿਨਾਂ ਸ਼ੱਕ ਇੱਕ ਅਜਿਹਾ ਭਾਈਚਾਰਾ ਜਿਸ 'ਤੇ ਸਮਾਜ ਦੁਆਰਾ ਜ਼ੁਲਮ ਕੀਤਾ ਗਿਆ ਹੈ ਅਤੇ ਬਹੁਤ ਸਾਰੇ ਪਾਪ ਕੀਤੇ ਹਨ, ਉਸ ਨਾਲ ਇਮਾਨਦਾਰੀ ਅਤੇ ਉਦਾਰਤਾ ਨਾਲ ਪੇਸ਼ ਆਉਣ ਦਾ ਹੱਕਦਾਰ ਸੀ। ਦਲਿਤਾਂ ਨੂੰ ਸਾਈਮਨ ਕਮਿਸ਼ਨ ਤੋਂ ਉਦਾਰਤਾ ਨਹੀਂ ਮਿਲੀ, ਸਗੋਂ ਉਨ੍ਹਾਂ ਨੂੰ ਇਨਸਾਫ਼ ਨਹੀਂ ਮਿਲਿਆ। ਕੋਈ ਪੁੱਛ ਸਕਦਾ ਹੈ ਕਿ ਲਾਰਡ ਬਿਰਕਹੈੱਡ ਦੇ ਉਨ੍ਹਾਂ ਭਾਵੁਕ ਵਿਚਾਰਾਂ ਦਾ ਕੀ ਹੋਇਆ ਜੋ ਉਨ੍ਹਾਂ ਨੇ ਸਾਈਮਨ ਕਮਿਸ਼ਨ ਦੀ ਨਿਯੁਕਤੀ ਲਈ ਸੰਸਦ ਵਿੱਚ ਪ੍ਰਸਤਾਵ ਪੇਸ਼ ਕਰਦੇ ਸਮੇਂ ਪ੍ਰਗਟ ਕੀਤੇ ਸਨ? ਉਸ ਸਮੇਂ ਦਲਿਤਾਂ ਨੇ ਇੱਕ ਵਿਸ਼ੇਸ਼ ਟਰੱਸਟ ਬਣਾਇਆ ਸੀ ਅਤੇ ਅੰਗਰੇਜ਼ ਦਲਿਤਾਂ ਦੀ ਸੁਰੱਖਿਆ ਲਈ ਪ੍ਰਬੰਧ ਕੀਤੇ ਬਿਨਾਂ ਇਸ ਟਰੱਸਟ ਨੂੰ ਨਹੀਂ ਛੱਡ ਸਕਦੇ ਸਨ। ਕੀ ਅਸੀਂ ਇਹ ਮੰਨੀਏ ਕਿ ਸਾਈਮਨ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਦੁਆਰਾ ਬਿਆਨਬਾਜ਼ੀ ਦੀ ਭਾਵਨਾ ਦੀ ਭਰਪਾਈ ਕੀਤੀ ਗਈ ਹੈ? ਦੋਸਤੋ, ਸਾਨੂੰ ਇਸ ਬਾਰੇ ਸਾਵਧਾਨ ਰਹਿਣਾ ਪਵੇਗਾ ਕਿ ਲੋਕ ਸਾਡੇ ਨਾਲ ਕਿਵੇਂ ਪੇਸ਼ ਆਉਂਦੇ ਹਨ। ਮੈਨੂੰ ਡਰ ਹੈ ਕਿ ਅੰਗਰੇਜ਼ ਜਾਣਬੁੱਝ ਕੇ ਸਾਡੀ ਬਦਕਿਸਮਤ ਹਾਲਤ ਦਾ ਪ੍ਰਚਾਰ ਇਸ ਲਈ ਨਹੀਂ ਕਰਦੇ ਕਿਉਂਕਿ ਉਹ ਸਾਡੀ ਹਾਲਤ ਨੂੰ ਸੁਧਾਰਨ ਦੇ ਬਹੁਤ ਚਾਹਵਾਨ ਹਨ, ਸਗੋਂ ਇਸ ਲਈ ਕਰਦੇ ਹਨ ਕਿਉਂਕਿ ਇਹ ਉਨ੍ਹਾਂ ਨੂੰ ਭਾਰਤ ਦੀ ਰਾਜਨੀਤਿਕ ਤਰੱਕੀ ਨੂੰ ਹੌਲੀ ਕਰਨ ਦਾ ਬਹਾਨਾ ਦਿੰਦਾ ਹੈ। ਮੇਰਾ ਮੰਨਣਾ ਹੈ ਕਿ ਸਾਡੇ ਨੇਤਾਵਾਂ ਨੂੰ ਇਸ ਬਾਰੇ ਘੱਟ ਚਿੰਤਾ ਕਰਨੀ ਚਾਹੀਦੀ ਹੈ ਕਿ ਅੰਗਰੇਜ਼ਾਂ ਨੇ ਹੁਣ ਤੱਕ ਸਾਡੇ ਲਈ ਕੀ ਕੀਤਾ ਹੈ ਅਤੇ ਭਵਿੱਖ ਵਿੱਚ ਸਾਡੇ ਨਾਲ ਕੀ ਹੋ ਸਕਦਾ ਹੈ ਅਤੇ ਬਿਨਾਂ ਕਿਸੇ ਡਰ ਦੇ ਆਪਣੀ ਜੀਵਨ ਸ਼ੈਲੀ ਦਾ ਫੈਸਲਾ ਕਰਨਾ ਚਾਹੀਦਾ ਹੈ। ਜੇਕਰ ਸਾਨੂੰ ਉਦਾਰ ਵਿਵਹਾਰ ਨਹੀਂ ਮਿਲਦਾ, ਤਾਂ ਘੱਟੋ ਘੱਟ ਸਾਨੂੰ ਇਨਸਾਫ਼ ਦੀ ਮੰਗ ਕਰਦੇ ਰਹਿਣਾ ਚਾਹੀਦਾ ਹੈ ਕਿਉਂਕਿ ਆਪਣੀਆਂ ਵਿਸ਼ੇਸ਼ ਸਥਿਤੀਆਂ ਕਾਰਨ ਅਸੀਂ ਇਸਦੀ ਮੰਗ ਕਰਨ ਦੇ ਹੱਕਦਾਰ ਹਾਂ।

# ਪੰਜਾਬ ਵਿੱਚ ਅੱਜ ਤੱਕ ਬਣੀਆਂ ਸਰਕਾਰਾਂ ਦੀਆਂ ਗ਼ਲਤ ਨੀਤੀਆਂ ਨੇ ਪੰਜਾਬ ਨੂੰ ਦੇਸ਼ ਦਾ ਨੰਬਰ ਇੱਕ ਕਰਜ਼ਾਈ ਸੂਬਾ ਬਣਾ ਦਿੱਤਾ : ਪ੍ਰਦੀਪ ਜੱਸੀ

"Equality and justice"
Patiala 28 November
INTERNATIONAL PAPER, 94636 01616
hardipchumber57@gmail.com

ਬੰਗਾ( ਚਰਨਜੀਤ ਸੱਲ੍ਹਾਂ ) ਬਹੁਜਨ ਸਮਾਜ ਪਾਰਟੀ ਪੰਜ਼ਾਬ ਦੇ ਸੀਨੀਅਰ ਆਗੂ ਪ੍ਰਦੀਪ ਜੱਸੀ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਵਿੱਚ ਅੱਜ ਤੱਕ ਬਣੀਆਂ ਸਰਕਾਰਾਂ ਦੀਆਂ ਗ਼ਲਤ ਨੀਤੀਆਂ ਨਾਲ ਪੰਜਾਬ ਦੇਸ਼ ਦਾ ਨੰਬਰ ਇੱਕ ਕਰਜ਼ਾਈ ਸੂਬਾ ਬਣ ਗਿਆ ਹੈ।

ਪ੍ਰਦੀਪ ਜੱਸੀ ਨੇ ਦੱਸਿਆ ਕਿ ਪੀ ਆਰ ਐੱਸ ਲੈਜਿਸਲੇਟਿਵ ਰਿਸਰਚ ਇੰਸਟੀਚਿਊਟ ਦੇ ਤਾਜ਼ਾ ਅੰਕੜਿਆਂ ਅਨੁਸਾਰ ਪੰਜਾਬ ਸਿਰ ਏਨਾ ਕਰਜ਼ਾ ਹੋ ਗਿਆ ਹੈ ਕਿ ਔਸਤ ਪ੍ਰਤੀ ਵਿਅਕਤੀ ਪੰਜਾਬ ਦੇ ਵਾਸੀ ਸਿਰ 1,23,274 ਰੁਪਏ ਕਰਜ਼ਾ ਹਿੱਸੇ ਆਉਂਦਾ ਹੈ।

ਕਰਜ਼ਾਈ ਸੂਚੀ ਵਿੱਚ ਦੂਜਾ ਸਥਾਨ ਕੇਰਲਾ ਦਾ ਹੈ ਜਿੱਥੇ ਪ੍ਰਤੀ ਵਿਅਕਤੀ 1,20,444 ਰੁਪਏ ਦਾ ਕਰਜ਼ਾ ਹੈ।

ਤੀਜਾ ਸਥਾਨ ਮਹਾਰਾਸ਼ਟਰ ਦਾ ਜਿੱਥੇ 65568 ਰੁਪਏ ਕਰਜ਼ਾ ਪ੍ਰਤੀ ਵਿਅਕਤੀ ਹੈ।

ਚੋਥਾ ਸਥਾਨ ਗੁਜਰਾਤ ਦਾ ਜਿਥੇ ਪ੍ਰਤੀ ਵਿਅਕਤੀ 54655 ਦਾ ਕਰਜ਼ਾ ਹੈ।

ਪੰਜਵਾਂ ਸਥਾਨ ਬਿਹਾਰ ਦਾ ਹੈ ਜਿੱਥੇ ਪ੍ਰਤੀ ਵਿਅਕਤੀ ਕਰਜ਼ਾ 21220 ਰੁਪਏ ਹਿੱਸੇ ਆਉਂਦਾ ਹੈ।

ਸ਼੍ਰੀ ਪ੍ਰਦੀਪ ਜੱਸੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜੇਕਰ ਦੂਜੇ ਸੂਬੇ ਘੱਟ ਕਰਜ਼ਾਈ ਹਨ ਤਾਂ ਫਿਰ ਪੰਜ਼ਾਬ ਦੀਆਂ ਸਰਕਾਰਾਂ ਨੇ ਪੰਜਾਬ ਨੂੰ ਕਰਜ਼ੇ ਵਿੱਚ ਕਿਓ ਡੋਬ ਦਿੱਤਾ। ਪੰਜਾਬ ਦੀਆਂ ਸਰਕਾਰਾਂ ਆਪਣੀ ਫੋਕੀ ਵਾਹ ਵਾਹ ਕਰਵਾਉਣ ਲਈ ਕਰਜ਼ਾ ਚੁੱਕ ਚੁੱਕ ਕੇ ਪੰਜ਼ਾਬ ਨੂੰ ਬਰਬਾਦ ਕਰ ਰਹੀਆਂ ਹਨ।

ਪੰਜਾਬ ਦੀਆਂ ਸਰਕਾਰਾਂ ਨੂੰ ਚਾਹੀਦਾ ਤਾਂ ਇਹ ਸੀ ਕਿ ਸੂਬੇ ਵਾਸਤੇ ਵਧੀਆ ਨੀਤੀਆਂ ਬਣਾ ਕੇ ਪੰਜ਼ਾਬ ਨੂੰ ਕਰਜ਼ੇ ਵਿੱਚੋ ਬਾਹਰ ਕੱਢਣ ਦਾ ਯਤਨ ਕਰਦੇ। ਪਰ ਮੌਜੂਦਾ ਝਾੜੂ ਸਰਕਾਰ ਨੇ ਬੇਲੋੜਾ ਕਰਜ਼ਾ ਚੁੱਕ ਕੇ ਪੰਜ਼ਾਬ ਨੂੰ ਨੰਬਰ ਇੱਕ ਕਰਜ਼ਾਈ ਸੂਬੇ ਦਾ ਖਿਤਾਬ ਦਿਵਾ ਦਿੱਤਾ।

ਅਖੀਰ ਵਿੱਚ ਪ੍ਰਦੀਪ ਜੱਸੀ ਨੇ ਪੰਜਾਬ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਇੱਕ ਵਾਰ ਬਹੁਜਨ ਸਮਾਜ ਪਾਰਟੀ ਦਾ ਰਾਜ ਪੰਜਾਬ ਵਿੱਚ ਲਿਆਉਣਾ ਜਰੂਰੀ ਹੋ ਗਿਆ ਹੈ। ਬਸਪਾ



ਹੀ ਪੰਜਾਬ ਨੂੰ ਕਰਜ਼ੇ ਤੋਂ ਮੁਕਤ ਕਰ ਸਕਦੀ ਹੈ ਅਤੇ ਨੌਜਵਾਨ ਵਰਗ, ਔਰਤਾਂ ਵਾਸਤੇ,ਵਿਉਪਾਰੀ , ਕਿਸਾਨ, ਮਜਦੂਰ, ਮੁਲਾਜ਼ਮਾਂ ਲਈ ਵਧੀਆ ਅਤੇ ਪ੍ਰਭਾਵਸ਼ਾਲੀ ਯੋਜਨਾਵਾਂ ਤਿਆਰ ਕਰ ਸਕਦੀ ਹੈ। ਸਾਨੂੰ ਸਾਰਿਆਂ ਨੂੰ ਨੀਲਾ ਝੰਡਾ ਹਾਥੀ ਨਿਸ਼ਾਨ ਦੇ ਬੈਨਰ ਹੇਠ ਇਕੱਠੇ ਹੋਣਾ ਚਾਹੀਦਾ ਹੈ ਤਾਂ ਹੀ ਪੰਜਾਬ ਵਾਸੀਆਂ ਦੀ ਭਲਾਈ ਹੋ ਸਕਦੀ ਹੈ।ਇਸ ਲਈ ਬਸਪਾ ਅਪਣਾਓ ਪੰਜਾਬ ਬਚਾਓ।

# ਬੇਰੁਜ਼ਗਾਰਾਂ ਉੱਪਰ ਤਸ਼ੱਦਦ ਕਰਨਾ ਲੋਕਤੰਤਰ ਪ੍ਰਣਾਲੀ ਦਾ ਘਾਣ -ਚਮਕੌਰ ਸਿੰਘ ਵੀਰ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 28 ਨਵੰਬਰ
INTERNATIONAL PAPER, 94636 01616
hardipchumber57@gmail.com

ਸੰਗਰੂਰ ( ) ਰੈਗੂਲਰ ਰੋਜਗਾਰ ਦੀ ਮੰਗ ਸਬੰਧੀ ਰੋਸ਼ ਪ੍ਰਦਰਸ਼ਨ ਕਰ ਰਹੇ ਪੀ ਆਰ ਟੀ ਸੀ ਦੇ ਕੱਚੇ ਮੁਲਾਜਮਾਂ ਉੱਤੇ ਪੁਲਿਸ ਵੱਲੋਂ ਕੀਤੇ ਗਏ ਤਸ਼ੱਦਦ ਦੀ ਆਲੋਚਨਾ ਕਰਦਿਆਂ ਚਮਕੌਰ ਸਿੰਘ ਵੀਰ ਜਨਰਲ ਸਕੱਤਰ ਬਹੁਜਨ ਸਮਾਜ ਪਾਰਟੀ ਪੰਜਾਬ ਨੇ ਕਿਹਾ ਕਿ ਬੇਰੁਜ਼ਗਾਰ ਨੌਜਵਾਨਾਂ ਉੱਤੇ ਸਰਕਾਰ ਦੀ ਸ਼ਹਿ ਤੇ ਪੁਲਿਸ ਵੱਲੋਂ ਕੀਤੇ ਅੰਨੇ ਲਾਠੀਚਾਰਜ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦੇ ਹੋਏ ਕਿਹਾ ਕਿ ਪੱਕੇ ਰੋਜ਼ਗਾਰ ਦੀ ਮੰਗ ਕਰਨਾ ਕੋਈ ਅਪਰਾਧ ਨਹੀਂ ਹੈ, ਆਪਣੇ ਅਧਿਕਾਰਾਂ ਲਈ ਸੰਘਰਸ਼ ਕਰਨਾ ਇੱਕ ਲੋਕਤਾਂਤਰਿਕ ਹੱਕ ਹੈ। ਨੌਜਵਾਨ ਬੇਰੁਜ਼ਗਾਰਾਂ ਦੀਆਂ ਦੀਆਂ ਅਵਾਜ਼ਾਂ ਨੂੰ ਦਬਾਉਣ ਦੀ ਬਜਾਏ, ਸਰਕਾਰ ਨੂੰ ਚਾਹੀਦਾ ਹੈ ਕਿ ਉਹ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਸਮਝੇ, ਉਨਾਂ ਦੇ ਆਗੂਆਂ ਨਾਲ ਗੱਲ ਕਰੇ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਇਮਾਨਦਾਰੀ ਨਾਲ ਹੱਲ ਕੱਢੇ। ਉਹਨਾਂ ਕਿਹਾ ਕਿ ਸ਼ਾਂਤਮਈ ਢੰਗ ਨਾਲ ਆਪਣਾ ਹੱਕ ਮੰਗ ਰਹੇ ਨੌਜਵਾਨਾਂ ਨਾਲ ਹਿੰਸਕ ਵਤੀਰਾ ਬੇਹਦ ਨਿੰਦਣ ਯੋਗ ਹੈ। ਪੁਲਿਸ ਵੱਲੋਂ ਮੌਕੇ ਤੇ ਪੱਤਰਕਾਰਾਂ ਨੂੰ ਵੀ ਕਵਰੇਜ ਕਰਨ ਤੋਂ ਰੋਕਿਆ ਗਿਆ ਇੱਕ ਪੱਤਰਕਾਰ ਦਾ ਕੈਮਰਾ ਵੀ ਖੋ ਲਿਆ ਗਿਆ ਜੋ ਕਿ ਬਹੁਤ ਹੀ ਘਟੀਆ ਹਰਕਤ ਹੈ ਉਸ ਪੁਲਿਸ ਅਫਸਰ ਦੇ ਵਿਰੁੱਧ ਪ੍ਰਸ਼ਾਸਨ ਤੁਰੰਤ ਐਕਸ਼ਨ ਲਵੇ ਅਤੇ ਚੌਥੇ ਲੋਕਤੰਤਰ ਦੇ ਚੌਥੇ ਥੰਮ ਨੂੰ ਆਜ਼ਾਦੀ ਨਾਲ ਕੰਮ ਕਰਨ ਦਾ ਮੌਕਾ ਮਿਲ



ਸਕੇ।ਇਸ ਘਟਨਾ ਦੀ ਤੁਰੰਤ ਜੁਡੀਸ਼ੀਅਲ ਜਾਂਚ ਹੋਵੇ, ਜ਼ਿੰਮੇਵਾਰਾਂ ਪੁਲਿਸ ਮੁਲਾਜ਼ਮਾਂ ਤੇ ਬਣਦੀ ਕਾਰਵਾਈ ਕੀਤੀ ਜਾਵੇ ਅਤੇ ਭਵਿੱਖ ਵਿੱਚ ਇਸ ਤਰ੍ਹਾਂ ਦੀਆਂ ਘਟਨਾਵਾਂ ਨੂੰ ਰੋਕਣ ਲਈ ਪੱਕੇ ਤੌਰ ਤੇ ਲੋੜੀਦੇ ਕਦਮ ਚੁੱਕੇ ਜਾਣ।

# ਔੜ ਬਲਾਕ ਨੂੰ ਤੋੜਨ ਵਿਰੁੱਧ ਸੈਂਕੜੇ ਲੋਕਾਂ ਨੇ ਕੀਤਾ ਔੜ ਵਿਖੇ ਕੀਤਾ ਚੱਕਾ ਜਾਮ

## ਇਕੱਠ ਵਿਚ ਗੂੰਜੇ ਬਲਾਕ ਨੂੰ ਮੁੜ ਬਹਾਲ ਕਰਨ ਦੇ ਰੋਹ ਭਰਪੂਰ ਨਾਅਰੇ

“Equality and justice”
Patiala 28 November
INTERNATIONAL PAPER, 94636 01616
hardipchumber57@gmail.com





ਔੜ, 28 ਨਵੰਬਰ: ਅੱਜ ‘ਔੜ ਬਲਾਕ ਬਚਾਓ ਸੰਘਰਸ਼ ਕਮੇਟੀ’ ਦੇ ਸੱਦੇ ’ਤੇ ਕਸਬਾ ਔੜ ਵਿਚ ਜੌੜੀਆਂ ਸੜਕਾਂ ਉੱਪਰ ਚੱਕਾ ਜਾਮ ਕਰਕੇ ਵਿਸ਼ਾਲ ਰੋਸ ਪ੍ਰਦਰਸ਼ਨ ਕੀਤਾ ਗਿਆ ਜਿਸ ਵਿਚ ਇਲਾਕੇ ਦੇ ਪਿੰਡਾਂ ਦੇ ਸਰਪੰਚ, ਪੰਚਾਇਤ ਮੈਂਬਰ, ਸਮਾਜ ਸੇਵੀ ਸੰਸਥਾਵਾਂ ਅਤੇ ਰਾਜਨੀਤਕ ਪਾਰਟੀਆਂ ਦੇ ਆਗੂ, ਔਰਤਾਂ ਅਤੇ ਪਿੰਡਾਂ ਦੇ ਹੋਰ ਲੋਕ ਸੈਂਕੜਿਆਂ ਦੀ ਗਿਣਤੀ ਵਿਚ ਸ਼ਾਮਲ ਹੋਏ। ਦੁਕਾਨਦਾਰ ਵੀ ਆਪਣੇ ਕਾਰੋਬਾਰ ਬੰਦ ਕਰਕੇ ਧਰਨੇ ਅਤੇ ਬੰਦ ਵਿਚ ਸ਼ਾਮਲ ਹੋਏ। ਨਾਇਬ ਤਹਿਸੀਲ ਜਸਪ੍ਰੀਤ ਸਿੰਘ ਨੇ ਇਕੱਠ ਵਿਚ ਪਹੁੰਚਕੇ ਮੰਗ-ਪੱਤਰ ਪ੍ਰਾਪਤ ਕੀਤਾ। ਇਕੱਠ ਨੂੰ ਸੰਘਰਸ਼ ਕਮੇਟੀ ਦੇ ਮੈਂਬਰ ਰਾਜ ਕੁਮਾਰ ਮਾਹਲ ਖ਼ੁਰਦ, ਬਲਕਾਰ ਸਿੰਘ ਢੀਂਡਸਾ ਜ਼ਿਲ੍ਹਾ ਪ੍ਰਧਾਨ ਭਾਰਤੀ ਕਿਸਾਨ ਯੂਨੀਅਨ (ਏਕਤਾ-ਸਿੱਧੂਪੁਰ), ਬਸਪਾ ਦੇ ਸੂਬਾ ਜਨਰਲ ਸਕੱਤਰ ਪ੍ਰਵੀਨ ਬੰਗਾ, ਐਡਵੋਕੇਟ ਦਲਜੀਤ ਸਿੰਘ ਸੂਬਾ ਕਨਵੀਨਰ ਡੈਮੋਕਰੇਟਿਕ ਲਾਇਰਜ਼ ਐਸੋਸੀਏਸ਼ਨ, ਅੰਗਦ ਸਿੰਘ ਸੈਣੀ ਸਾਬਕਾ ਵਿਧਾਇਕ, ਫਿਲਮ ਡਾਇਰੈਕਟਰ ਤੇ ਸਮਾਜ ਸੇਵੀ ਅਮਿਤੋਜ ਮਾਨ, ਮਨਜੀਤ ਸਿੰਘ ਅੜਕ ਸਰਪੰਚ ਚਾਹਲ ਖ਼ੁਰਦ, ਸਰਪੰਚ ਕਮਲਜੀਤ ਔੜ, ਰੂਪ ਲਾਲ ਧੀਰ, ਬੂਟਾ ਸਿੰਘ ਮਹਿਮੂਦਪੁਰ, ਸਾਜਨ ਜੀ ਔੜ, ਕਮਲਜੀਤ ਕੰਵਰ ਗੜ੍ਹੀ, ਨਿੰਦਰਪਾਲ ਸਰਪੰਚ ਮਾਈਦਿੱਤਾ, ਸੁਰਿੰਦਰ ਸਿੰਘ ਮਹਿਰਮਪੁਰ ਇਲਾਕਾ ਪ੍ਰਧਾਨ ਕਿਰਤੀ ਕਿਸਾਨ ਯੂਨੀਅਨ, ਦਵਿੰਦਰ ਸਿੰਘ ਸੰਧੂ ਸੂਬਾ ਮੀਤ ਪ੍ਰਧਾਨ ਬੀਕੇਯੂ(ਦੋਆਬਾ), ਅਜੈ ਮੰਗੂਪੁਰ ਜ਼ਿਲ੍ਹਾ ਪ੍ਰਧਾਨ ਕਾਂਗਰਸ, ਸੀਪੀਐੱਮ ਜ਼ਿਲ੍ਹਾ ਸਕੱਤਰ ਚਰਨਜੀਤ ਸਿੰਘ, ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਰਾਜਵਿੰਦਰ ਸਿੰਘ ਲੱਕੀ, ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਆਗੂ ਸੁਖਦੀਪ ਸਿੰਘ ਸ਼ੁਕਾਰ, ਸਾਬਕਾ ਸਰਪੰਚ ਮਨੋਹਰ ਕਮਾਮ, ਹਿਤੇਸ਼ ਮਾਹੀ ਸਰਪੰਚ ਬੇਗੋਵਾਲ, ਕਾ. ਚਰਨਜੀਤ ਸਿੰਘ ਜ਼ਿਲ੍ਹਾ ਸਕੱਤਰ ਸੀ.ਪੀ.ਐੱਮ., ਕਮੇਟੀ ਮੈਂਬਰਾਨ ਕ੍ਰਿਸ਼ਨ ਲਾਲ ਬੇਗੋਵਾਲ, ਸੁਖਵਿੰਦਰ ਸਿੰਘ ਧਾਵਾ, ਭੁਪਿੰਦਰ ਸਿੰਘ ਗਿੱਲ, ਰਾਮਜੀ ਦਾਸ ਖੜਕੂਵਾਲ, ਸੁਖਵਿੰਦਰ ਸਿੰਘ ਔੜ, ਡਾ. ਲਾਲਚੰਦ ਸਰਪੰਚ ਤਾਜਪੁਰ, ਬਚਿੱਤਰ ਸਿੰਘ ਮਹਿਮੂਦਪੁਰ, ਨਿਰਮਲ ਸਿੰਘ ਜੁਲਾਹ ਮਾਜਰਾ, ਕੰਵਰ ਜੰਗਬੀਰ ਸਹੂੰਗੜਾ ਅਤੇ ਹੋਰ ਬੁਲਾਰਿਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਔੜ ਬਲਾਕ ਨੂੰ ਖ਼ਤਮ ਕਰਨ ਦਾ ਜੋ ਫ਼ੈਸਲਾ ਲਿਆ ਗਿਆ ਹੈ, ਉਹ ਪੂਰੀ ਤਰ੍ਹਾਂ ਲੋਕ-ਵਿਰੋਧੀ ਅਤੇ ਬਲਾਕ ਦੇ 75 ਪਿੰਡਾਂ ਨਾਲ ਖਿਲਵਾੜ ਹੈ। ਕੋਈ ਵੀ ਫ਼ੈਸਲਾ ਲੋਕਾਂ ਅਤੇ ਇਲਾਕੇ ਦੇ ਹਿਤਾਂ ਨੂੰ ਸਾਹਮਣੇ ਰੱਖਕੇ ਲਿਆ ਜਾਣਾ ਚਾਹੀਦਾ ਹੈ ਨਾ ਕਿ ਵਿਧਾਨ-ਸਭਾ ਹਲਕੇ ਦੀਆਂ ਕੁਝ ਕੁ ਤਕਨੀਕੀ ਮੁਸ਼ਕਲਾਂ ਨੂੰ ਮੁੱਖ ਰੱਖਕੇ। ਇਲਾਕੇ ਦੇ ਲੋਕ ਬਲਾਕ ਨੂੰ ਤੋੜਨ ਦੇ ਨਾਦਰਸ਼ਾਹੀ ਫ਼ਰਮਾਨ ਨੂੰ ਸਵੀਕਾਰ ਨਹੀਂ ਕਰਨਗੇ। ਸਾਰੀਆਂ ਹੀ ਪਾਰਟੀਆਂ, ਕਿਸਾਨ ਮਜ਼ਦੂਰ ਜਥੇਬੰਦੀਆਂ ਅਤੇ ਹੋਰ ਸੰਸਥਾਵਾਂ ਦੇ ਨੁਮਾਇੰਦਿਆਂ ਨੇ ਵਿਸ਼ਵਾਸ ਦਿਵਾਇਆ ਕਿ ਉਹ ਰਾਜਨੀਤੀ ਤੋਂ ਉੱਪਰ ਉੱਠਕੇ ਅਤੇ ਇਲਾਕੇ ਦੇ ਹਿਤਾਂ ਦੀ ਰਾਖੀ ਲਈ ਸੰਘਰਸ਼ ਦਾ ਡੱਟਕੇ ਸਾਥ ਦੇਣਗੇ। ਇਕੱਠ ਵਿਚ ਹਾਜ਼ਰ ਸੈਂਕੜੇ ਲੋਕਾਂ ਨੇ ਸਰਵਸੰਮਤੀ ਨਾਲ ਮਤਾ ਪਾਸ ਕਰਕੇ ਮੰਗ ਕੀਤੀ ਕਿ ਇਲਾਕੇ ਦੇ ਲੋਕਾਂ ਦੀ ਸਹੂਲਤ ਨੂੰ ਮੁੱਖ ਰੱਖਦੇ ਹੋਏ ਬਲਾਕ ਨੂੰ ਤੋੜਨ ਦਾ ਫ਼ੈਸਲਾ ਤੁਰੰਤ ਰੱਦ ਕੀਤਾ ਜਾਵੇ ਅਤੇ ਔੜ ਬਲਾਕ ਨੂੰ ਮੁੜ ਬਹਾਲ ਕੀਤਾ ਜਾਵੇ। ਸੰਘਰਸ਼ ਕਮੇਟੀ ਨੇ ਐਲਾਨ ਕੀਤਾ ਕਿ ਸੱਤਾ ਦੇ ਗ਼ਰੂਰ ’ਚ ਮਦਹੋਸ਼ ਸਰਕਾਰ ਵੱਲੋਂ ਇਲਾਕੇ ਦੇ ਲੋਕਾਂ ਦੀਆਂ ਜ਼ਰੂਰਤਾਂ ਅਤੇ ਭਾਵਨਾਵਾਂ ਨੂੰ ਟਿੱਚ ਸਮਝਣ ਦੇ ਮੱਦੇਨਜ਼ਰ ਸੰਘਰਸ਼ ਕਮੇਟੀ ਕੋਲ ਸੰਘਰਸ਼ ਨੂੰ ਤਿੱਖਾ ਕਰਨਾ ਹੀ ਇੱਕੋਇਕ ਰਸਤਾ ਹੈ। ਬਲਾਕ ਨੂੰ ਬਹਾਲ ਕਰਾਉਣ ਲਈ ਅਗਲੇ ਸੰਘਰਸ਼ ਵਜੋਂ ਵੱਧ ਤੋਂ ਵੱਧ ਲੋਕਾਂ ਨੂੰ ਲਾਮਬੰਦ ਕਰਕੇ 5 ਦਸੰਬਰ ਨੂੰ ਡਿਪਟੀ ਕਮਿਸ਼ਨਰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਦਫ਼ਤਰ ਅੱਗੇ ਵਿਸ਼ਾਲ ਧਰਨਾ ਦਿੱਤਾ ਜਾਵੇਗਾ ਅਤੇ ਬਲਾਕ ਨੂੰ ਬਹਾਲ ਨਾ ਕੀਤੇ ਜਾਣ ਦੀ ਸੂਰਤ ’ਚ ਆਉਣ ਵਾਲੇ ਦਿਨਾਂ ਵਿਚ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ। ਇਸ ਮੌਕੇ ਬੀਕੇਯੂ (ਏਕਤਾ-ਸਿੱਧੂਪੁਰ) ਦੇ ਜ਼ਿਲ੍ਹਾ ਆਗੂ ਰਾਜਾ, ਕਿਸਾਨ ਆਗੂ ਹਰਜੀਤ ਸਿੰਘ ਰਾਣੂ, ਬਸਪਾ ਆਗੂ ਸੱਤਪਾਲ ਰਟੈਂਡਾ, ਹਰਵਿੰਦਰ ਸਿੰਘ ਸਰਕਲ ਪ੍ਰਧਾਨ, ਮਾਸਟਰ ਨਰਿੰਦਰ ਸਿੰਘ ਉੜਾਪੜ , ਸਰਪੰਚ ਮੇਜਰ ਰਾਮ ਬੈਰਸਾਲ, ਗੁਰਦਾਵਰ ਸਿੰਘ ਸੌਂਕੀ ਸਰਪੰਚ ਜਗਤਪੁਰ, ਕਾਲਾ ਠੇਕੇਦਾਰ ਮਹਿਮੂਦਪੁਰ, ਡਾ. ਨਰੰਜਨ ਪਾਲ, ਕਿਰਤੀ ਕਿਸਾਨ ਯੂਨੀਅਨ ਦੇ ਆਗੂ ਕਰਨੈਲ ਸਿੰਘ ਉੜਾਪੜ, ਜੀਵਨ ਦਾਸ, ਮੇਜਰ ਬੀਸਲਾ ਭੀਮ ਆਰਮੀ, ਸੋਹਣ ਲਾਲ ਰਟੈਂਡਾ ਸਮੇਤ ਬਹੁਤ ਸਾਰੀਆਂ ਸ਼ਖ਼ਸੀਅਤਾਂ, ਪਿੰਡਾਂ ਦੇ ਸਰਪੰਚ, ਪੰਚਾਇਤ ਮੈਂਬਰ ਅਤੇ ਇਲਾਕੇ ਦੇ ਹੋਰ ਮੋਹਰਬਰ ਸੈਂਕੜੇ ਲੋਕਾਂ ਸਮੇਤ ਹਾਜ਼ਰ ਸਨ। ਚਾਹ ਦੇ ਲੰਗਰ ਦੀ ਸੇਵਾ ਗ੍ਰਾਮ ਪੰਚਾਇਤ ਚਾਹਲ ਖ਼ੁਰਦ ਅਤੇ ਪ੍ਰਸ਼ਾਦਿਆਂ ਦੇ ਲੰਗਰ ਦੀ ਸੇਵਾ ਗੁਰੂਘਰ ਨਾਭਕੰਵਲ ਰਾਜਾ ਸਾਹਿਬ ਵੱਲੋਂ ਕੀਤੀ ਗਈ।

# ਕਿਸਾਨੀ ਅੰਦੋਲਨ ਦੌਰਾਨ ਸ਼ਹੀਦ ਹੋਏ ਕਿਸਾਨ ਤੇ ਮਜ਼ਦੂਰਾਂ ਨੂੰ ਸਮਰਪਿਤ ਸ਼ਰਧਾਂਜਲੀ ਸਮਾਗਮ ਅੱਜ ਤੋਂ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 28 ਨਵੰਬਰ
INTERNATIONAL PAPER, 94636 01616
hardipchumber57@gmail.com




ਮਸਤੂਆਣਾ ਸਾਹਿਬ,28 ਨਵੰਬਰ (ਜਗਸੀਰ ਸਿੰਘ)-

ਅਕਾਲ ਕਾਲਜ ਕੌਂਸਲ ਦੇ ਸਕੱਤਰ ਸ. ਜਸਵੰਤ ਸਿੰਘ ਖਹਿਰਾ ਦੀ ਅਗਵਾਈ ਹੇਠ ਸ਼ਹੀਦ ਕਿਸਾਨ ਅਤੇ ਮਜ਼ਦੂਰ ਪਰਿਵਾਰ ਕਮੇਟੀ, ਪੰਜਾਬ ਅਤੇ ਅਕਾਲ ਕਾਲਜ ਕੌਂਸਲ ਗੁਰਸਾਗਰ ਮਸਤੂਆਣਾ ਸਾਹਿਬ ਦੇ ਸਹਿਯੋਗ ਨਾਲ ਦਿੱਲੀ ਵਿਚ ਸ਼ਹੀਦ ਹੋਏ ਕਿਸਾਨ ਅਤੇ ਮਜ਼ਦੂਰਾਂ ਦੀ ਯਾਦ ਵਿੱਚ ਗੁਰਸਾਗਰ ਮਸਤੂਆਣਾ ਸਾਹਿਬ ਵਿਖੇ ਸਾਲਾਨਾਂ ਸ਼ਰਧਾਂਜਲੀ ਸਮਾਰੋਹ ਕਰਵਾਇਆ ਜਾ ਰਿਹਾ ਹੈ। ਅੱਜ 28 ਨਵੰਬਰ ਨੂੰ ਗੁਰਸਾਗਰ ਮਸਤੂਆਣਾ ਸਾਹਿਬ ਵਿਖੇ ਸ਼ਹੀਦਾਂ ਦੀ ਯਾਦ ਵਿੱਚ ਸ੍ਰੀ ਆਖੰਡ ਪਾਠ ਸਾਹਿਬ ਦੇ ਪਾਠਾਂ ਦੀ ਆਰੰਭਤਾ ਕੀਤੀ ਗਈ ਹੈ ਅਤੇ 30 ਨਵੰਬਰ ਨੂੰ ਸ੍ਰੀ ਆਖੰਡ ਪਾਠ ਸਾਹਿਬ ਦੇ ਭੋਗ ਪਾਉਣ ਉਪਰੰਤ ਅਰਦਾਸ ਬੇਨਤੀ ਕੀਤੀ ਜਾਵੇਗੀ ਅਤੇ ਨਾਲ ਹੀ ਸ਼ਹੀਦਾਂ ਨੂੰ ਨਿੱਘੀ ਸ਼ਰਧਾਂਜਲੀ ਦਿੱਤੀ ਜਾਵੇਗੀ। ਇਸ ਸਾਲਾਨਾਂ ਸ਼ਰਧਾਂਜਲੀ ਸਮਾਰੋਹ ਵਿਚ ਸ਼ਹੀਦਾ ਦੇ ਪਰਿਵਾਰ, ਸਮਾਜਿਕ ਸ਼ਖ਼ਸੀਅਤਾਂ ਅਤੇ ਵੱਖ -ਵੱਖ ਕਿਸਾਨ ਜੱਥੇਬੰਦੀਆਂ ਵੀ ਪਹੁੰਚ ਰਹੀਆਂ ਹਨ। ਇਸ ਸੰਬੰਧੀ ਗੱਲਬਾਤ ਕਰਦਿਆਂ ਸ. ਰੂਪ ਸਿੰਘ ਸ਼ੇਰੋਂ ਅਕਾਲ ਕੌਂਸਲ ਮੈਂਬਰ ਉਹਨਾਂ ਦੱਸਿਆ ਕਿ ਪਿਛਲੇ ਸਾਲ ਵੀ ਸ਼ਹੀਦ ਕਿਸਾਨਾਂ ਅਤੇ ਮਜ਼ਦੂਰਾਂ ਦੀ ਯਾਦ ਵਿੱਚ ਮਸਤੂਆਣਾ ਸਾਹਿਬ ਵਿਖੇ ਸ਼ਰਧਾਂਜਲੀ ਸਮਾਰੋਹ ਕਰਵਾਇਆ ਗਿਆ ਸੀ ਅਤੇ ਉਹਨਾਂ ਦੀ ਯਾਦ ਵਿੱਚ ਮਸਤੂਆਣਾ ਸਾਹਿਬ ਵਿਖੇ ਨਿੱਘੀ ਯਾਦਗਾਰ ਵੀ ਬਣਾਈ ਗਈ ਹੈ। ਉਹਨਾਂ ਕਿਹਾ ਕਿ ਸਮੂਹ ਸੰਗਤਾਂ ਇਸ ਸ਼ਰਧਾਂਜਲੀ ਸਮਾਰੋਹ ਵਿਚ ਆਪੋ ਆਪਣੀ ਹਾਜ਼ਰੀ ਲਗਵਾ ਕੇ ਸ਼ਹੀਦਾਂ ਨੂੰ ਨਿੱਘੀ ਸ਼ਰਧਾਂਜਲੀ ਭੇਟ ਕਰਨ।ਇਸ ਸਮੇਂ ਮੈਨਜਰ ਜਸਵੀਰ ਸਿੰਘ,ਹੈੱਡ ਗ੍ਰੰਥੀ ਬਾਬਾ ਸੁਖਦੇਵ ਸਿੰਘ, ਬਾਬਾ ਗੁਰਮੇਲ ਸਿੰਘ,ਪ੍ਰੋ ਅਮਨਿੰਦਰ ਕੌਰ,ਪ੍ਰੋ ਰਣਧੀਰ ਸ਼ਰਮਾ, ਕਿਸਾਨ ਆਗੂ ਜਰਨੈਲ ਸਿੰਘ ਮੰਡੇਰ, ਗੁਰਲਾਲ ਸਿੰਘ ਖੜਿਆਲ ,ਜਸਵੀਰ ਕੌਰ ਉਭਾਵਾਲ ਅਤੇ ਹੋਰ ਬਹੁਤ ਸਾਰੇ ਪਰਿਵਾਰ ਮੌਜੂਦ ਸਨ।

# ਐਸਸੀ. ਬੀਸੀ. ਸਮਾਜ ਦੀਆਂ ਮੰਗਾਂ ਸਬੰਧੀ ਮੁੱਖ ਮੰਤਰੀ ਪੰਜਾਬ ਨੂੰ ਡਿਪਟੀ ਕਮਿਸ਼ਨਰ ਰਾਹੀਂ ਭੇਜਿਆ ਮੰਗ ਪੱਤਰ !

## ਮੰਗਾਂ ਨਾ ਮੰਨਣ ਦੀ ਸੂਰਤ ਵਿੱਚ ਮੁੱਖ ਮੰਤਰੀ ਪੰਜਾਬ ਦੀ ਸੰਗਰੂਰ ਵਿਖੇ ਰਿਹਾਇਸ਼ ਦਾ 6 ਦਸੰਬਰ ਨੂੰ ਕੀਤਾ ਜਾਵੇਗਾ ਘਿਰਾਓ : ਬਲਦੇਵ ਸਿੰਘ ਧੁੱਗਾ

“Equality and justice”
Patiala 28 November
INTERNATIONAL PAPER, 94636 01616
hardipchumber57@gmail.com



ਹੁਸ਼ਿਆਰਪੁਰ, 28 ਨਵੰਬਰ (ਤਰਸੇਮ ਦੀਵਾਨਾ) - ਗਜ਼ਟਿਡ ਅਤੇ ਨਾਨ ਗਜ਼ਟਿਡ ਐਸਸੀ. ਬੀਸੀ. ਇੰਪਲਾਈਜ਼ ਵੈਲਫੇਅਰ ਫੈਡਰੇਸ਼ਨ ਪੰਜਾਬ ਵੱਲੋਂ ਸੂਬਾ ਕਨਵੀਨਰ ਜਸਵੀਰ ਸਿੰਘ ਪਾਲ ਅਤੇ ਵਾਈਸ ਚੇਅਰਮੈਨ ਚੌਧਰੀ ਬਲਰਾਜ ਕੁਮਾਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸੂਬਾ ਸੀਨੀਅਰ ਮੀਤ ਪ੍ਰਧਾਨ ਅਤੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪ੍ਰਧਾਨ ਬਲਦੇਵ ਸਿੰਘ ਧੁੱਗਾ ਦੀ ਅਗਵਾਈ ਵਿੱਚ ਇੱਕ ਵਫਦ ਨੇ ਐਸਸੀ. ਬੀਸੀ. ਸਮਾਜ ਦੀਆਂ ਮੰਗਾਂ ਸਬੰਧੀ ਮਿਨੀ ਸੈਕਟਰੀਏਟ ਸਾਹਮਣੇ ਰੋਸ ਪ੍ਰਦਰਸ਼ਨ ਕਰਨ ਉਪਰੰਤ ਇੱਕ ਮੰਗ ਪੱਤਰ ਕਮਿਸ਼ਨਰ ਹੁਸ਼ਿਆਰਪੁਰ ਆਸ਼ਿਕਾ ਜੈਨ ਰਾਹੀਂ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਨੂੰ ਭੇਜਿਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਫੈਡਰੇਸ਼ਨ ਦੇ ਸੂਬਾ ਸੀਨੀਅਰ ਮੀਤ ਪ੍ਰਧਾਨ ਪੰਜਾਬ ਅਤੇ ਜ਼ਿਲ੍ਹਾ ਪ੍ਰਧਾਨ ਬਲਦੇਵ ਸਿੰਘ ਧੁੱਗਾ ਨੇ ਦੱਸਿਆ ਕਿ ਫੈਡਰੇਸ਼ਨ ਲੰਬੇ ਸਮੇਂ ਤੋਂ ਐਸਸੀ. ਅਤੇ ਬੀਸੀ. ਸਮਾਜ ਦੀਆਂ ਮੰਗਾਂ ਲਈ ਸੰਘਰਸ਼ ਕਰ ਰਹੀ ਹੈ। ਉਹਨਾਂ ਦੱਸਿਆ ਕਿ 85ਵੀਂ ਸੋਧ ਨੂੰ ਲਾਗੂ ਕਰਨ, 10 ਅਕਤੂਬਰ 2014 ਦਾ ਗੈਰ- ਸੰਵਿਧਾਨਿਕ ਪੱਤਰ ਰੱਦ ਕਰਨ ਅਤੇ ਐਸਸੀ. ਕਮਿਸ਼ਨਰ ਦੇ ਸਾਬਕਾ ਚੀਫ ਪ੍ਰਿੰਸੀਪਲ ਸੈਕਟਰੀ ਰਮੇਸ਼ ਕੁਮਾਰ ਗੰਟਾ ਦੀ ਰਿਪੋਰਟ ਨੂੰ ਲਾਗੂ ਕਰਨ, ਨਵੀਂ ਭਰਤੀ ਤੇ ਤਰੱਕੀਆਂ ਵਿੱਚ ਰਿਜਰਵੇਸ਼ਨ ਬੈਕਲਾਗ ਨੂੰ ਭਰਨ, ਪੁਰਾਣੀ ਪੈਨਸ਼ਨ ਬਹਾਲੀ, ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਤਹਿਤ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਜਾਰੀ ਕਰਨ, ਬੇਰੁਜ਼ਗਾਰੀ ਭੱਤਾ ਦੇਣ, ਪਿੰਡਾਂ ਦੀਆਂ ਸ਼ਾਮਲਾਟ ਜ਼ਮੀਨ ‘ਤੇ ਅਨੁਸੂਚਿਤ ਜਾਤੀ ਦੇ ਗਰੀਬ ਤੇ ਬੇਘਰ ਲੋਕਾਂ ਨੂੰ ਘਰ ਬਣਾ ਕੇ ਅਤੇ ਮਾਲਕਾਨਾ ਹੱਕ ਦੇਣਾ ਆਦਿ ਮੰਗਾਂ ਨੂੰ ਸਰਕਾਰ ਲੰਬੇ ਸਮੇਂ ਤੋਂ ਅਣਗੌਲਿਆਂ ਕਰ ਰਹੀ ਹੈ। ਉਹਨਾਂ ਚਿਤਾਵਨੀ ਦਿੱਤੀ ਕਿ ਜੇਕਰ ਹੁਣ ਸਰਕਾਰ ਨੇ ਇਹਨਾਂ ਮੰਗਾਂ ਲਈ ਗੱਲਬਾਤ ਲਈ ਸੱਦਾ ਨਾ ਦਿੱਤਾ ਤਾਂ ਸੰਵਿਧਾਨਿਕ ਮੰਗਾਂ ਨਾ ਮੰਨਣ ਦੇ ਰੋਸ ਵਜੋਂ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਦਕਰ ਜੀ ਦੇ ਪ੍ਰੀਨਿਰਵਾਣ ਦਿਵਸ ਮੌਕੇ 6 ਦਸੰਬਰ 2025 ਨੂੰ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਸੰਗਰੂਰ ਵਿਖੇ ਰਿਹਾਇਸ਼ ਦਾ ਘਿਰਾਓ ਕੀਤਾ ਜਾਵੇਗਾ। ਇਸ ਮੌਕੇ ਲੈਕਚਰਾਰ ਜਰਨੈਲ ਸਿੰਘ ਸੀਕਰੀ , ਲਖਬੀਰ ਸਿੰਘ, ਬਲਜੀਤ ਸਿੰਘ, ਕੁਲਵੰਤ ਸਿੰਘ, ਜਸਵੀਰ ਸਿੰਘ, ਜਸਪਾਲ ਸਿੰਘ, ਗੁਰਜੀਤ ਸਿੰਘ, ਲੈਕਚਰਾਰ ਪ੍ਰਭਜੋਤ ਸਿੰਘ, ਲੈਕਚਰਾਰ ਜਸਵਿੰਦਰ ਸਿੰਘ ਸਹੋਤਾ ਆਦਿ ਸਮੇਤ ਜਿਲ੍ਹੇ ਭਰ ਦੇ ਅਹੁਦੇਦਾਰ ਅਤੇ ਮੈਂਬਰ ਹਾਜ਼ਰ ਸਨ।

# ਪੈਸ਼ਲ ਬੱਚਿਆਂ ਨੂੰ ਵੀ ਜ਼ਿੰਦਗੀ ਵਿੱਚ ਤਰੱਕੀ ਦੇ ਮੌਕੇ ਦਿੱਤੇ ਜਾਣੇ ਚਾਹੀਦੇ ਹਨ : ਕੈਬਨਿਟ ਮੰਤਰੀ

## *ਕੈਬਨਿਟ ਮੰਤਰੀ ਨੇ ਆਸ਼ਾ ਕਿਰਨ ਸਕੂਲ ਨੂੰ 3 ਲੱਖ ਰੁਪਏ ਦਿੱਤੇ*

“Equality and justice”
Patiala 28 November
INTERNATIONAL PAPER, 94636 01616
hardipchumber57@gmail.com



ਹੁਸ਼ਿਆਰਪੁਰ 28 ਨਵੰਬਰ (ਤਰਸੇਮ ਦੀਵਾਨਾ) - ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਨੇ ਜੇ.ਐਸ. ਐਸ. ਆਸ਼ਾ ਕਿਰਨ ਸਪੈਸ਼ਲ ਸਕੂਲ, ਜਹਾਨਖੇਲਾ ਦਾ ਦੌਰਾ ਕੀਤਾ ਅਤੇ ਵਿਸ਼ੇਸ਼ ਬੱਚਿਆਂ ਨਾਲ ਸਮਾਂ ਬਿਤਾਇਆ। ਡਾ. ਰਵਜੋਤ ਸਿੰਘ ਨੇ ਕਿਹਾ ਕਿ ਸਪੈਸ਼ਲ ਬੱਚਿਆਂ ਨੂੰ ਵੀ ਦੂਜੇ ਬੱਚਿਆਂ ਵਾਂਗ ਜੀਵਨ ਵਿੱਚ ਤਰੱਕੀ ਕਰਨ ਦੇ ਮੌਕੇ ਦਿੱਤੇ ਜਾਣੇ ਚਾਹੀਦੇ ਹਨ। ਉਨ੍ਹਾਂ ਅੱਗੇ ਕਿਹਾ ਕਿ ਆਸ਼ਾਦੀਪ ਵੈਲਫੇਅਰ ਸੋਸਾਇਟੀ ਵੱਲੋਂ ਵਿਸ਼ੇਸ਼ ਬੱਚਿਆਂ ਨੂੰ ਸਮਾਜ ਦੀ ਮੁੱਖ ਧਾਰਾ ਵਿੱਚ ਜੋੜਨ ਲਈ ਕੀਤੇ ਜਾ ਰਹੇ ਯਤਨ ਪ੍ਰਸ਼ੰਸਾਯੋਗ ਹਨ। ਇਸ ਮੌਕੇ ਮੰਤਰੀ ਡਾ. ਰਵਜੋਤ ਸਿੰਘ ਨੇ ਸਕੂਲ ਦੀ ਬਿਹਤਰੀ ਲਈ ਸੋਸਾਇਟੀ ਮੈਂਬਰਾਂ ਨੂੰ 3 ਲੱਖ ਰੁਪਏ ਸੌਂਪੇ। ਇਸ ਮੌਕੇ ਸਕੂਲ ਦੇ ਸਰਪ੍ਰਸਤ ਪਰਮਜੀਤ ਸਿੰਘ ਸਚਦੇਵਾ ਨੇ ਮੰਤਰੀ ਡਾ. ਰਵਜੋਤ ਸਿੰਘ ਨੂੰ ਸਕੂਲ ਦੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਇਹ 1995 ਵਿੱਚ ਸਥਾਪਿਤ ਕੀਤਾ ਗਿਆ ਸੀ ਅਤੇ ਇਸ ਵੇਲੇ ਵਿਸ਼ੇਸ਼ ਲੋੜਾਂ ਵਾਲੇ 200 ਤੋਂ ਵੱਧ ਸਪੈਸ਼ਲ ਵਿਦਿਆਰਥੀਆਂ ਦੀ ਸੇਵਾ ਕਰਦਾ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਸਕੂਲ ਦੇ ਹੋਸਟਲ ਵਿੱਚ 25 ਵਿਦਿਆਰਥੀ ਰਹਿੰਦੇ ਹਨ। ਆਸ਼ਾਦੀਪ ਵੈਲਫੇਅਰ ਸੋਸਾਇਟੀ ਦੇ ਪ੍ਰਧਾਨ ਹਰਬੰਸ ਸਿੰਘ ਅਤੇ ਕਰਨਲ ਗੁਰਮੀਤ ਸਿੰਘ ਨੇ ਸਕੂਲ ਵਿੱਚ ਦਿੱਤੀਆਂ ਜਾਣ ਵਾਲੀਆਂ ਵੱਖ-ਵੱਖ ਥੈਰੇਪੀਆਂ ਅਤੇ ਇਨ੍ਹਾਂ ਬੱਚਿਆਂ ਨੂੰ ਜੀਵਨ ਲਈ ਕਿਵੇਂ ਤਿਆਰ ਕੀਤਾ ਜਾਂਦਾ ਹੈ, ਬਾਰੇ ਜਾਣਕਾਰੀ ਸਾਂਝੀ ਕੀਤੀ। ਆਸ਼ਾਦੀਪ ਵੈਲਫੇਅਰ ਸੋਸਾਇਟੀ ਦੇ ਮੈਂਬਰਾਂ ਨੇ ਮੰਤਰੀ ਡਾ. ਰਵਜੋਤ ਸਿੰਘ ਦਾ ਧੰਨਵਾਦ ਕੀਤਾ। ਇਸ ਮੌਕੇ ਹਰੀਸ਼ ਠਾਕੁਰ, ਮਲਕੀਤ ਸਿੰਘ ਮਹੇੜੂ, ਰਾਮ ਆਸਰਾ, ਹਰਮੇਸ਼ ਤਲਵਾੜ, ਕੋਰਸ ਕੋਆਰਡੀਨੇਟਰ ਬਰਿੰਦਰ ਕੁਮਾਰ ਅਤੇ ਪ੍ਰਿੰਸੀਪਲ ਸ਼ੈਲੀ ਸ਼ਰਮਾ ਵੀ ਮੌਜੂਦ ਸਨ।

# ਬਦਬੂ ਤੋਂ ਪਿੰਡ ਵਾਸੀ ਦੁਖੀ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 28 ਨਵੰਬਰ
INTERNATIONAL PAPER, 94636 01616
hardipchumber57@gmail.com

ਬਠਿੰਡਾ ਡੱਬਵਾਲੀ ਮੁੱਖ ਮਾਰਗ ਤੇ ਸਥਿਤ ਪਿੰਡ ਪਥਰਾਲਾ (ਬਠਿੰਡਾ) ਦੇ ਵਾਸੀ ਪਿੰਡ ਦੇ ਬਿਲਕੁੱਲ ਨਾਲ ਦੀ ਲੰਘਦੇ ਗੰਦੇ ਨਾਲੇ ਦੇ ਪਾਣੀ ਦੀ ਬਦਬੂ ਤੋਂ ਡਾਢੇ ਪ੍ਰੇਸ਼ਾਨ ਹਨ। ਅੱਜ ਤੋਂ ਕੁੱਝ ਸਾਲ ਪਹਿਲਾਂ ਤਾਂ ਅਜਿਹੀ ਕੋਈ ਸਮੱਸਿਆਂ ਨਹੀਂ ਸੀ ਪ੍ਰੰਤੂ ਹੁਣ ਪਤਾ ਨਹੀਂ ਲੱਗ ਰਿਹਾ ਕਿ ਕੌਣ ਕੀ ਕੀ ਗੰਦ ਇਸ ਨਾਲੇ ਵਿੱਚ ਸੁੱਟ ਰਿਹਾ ਹੈ। ਜਿਸ ਕਰਕੇ ਹੁਣ ਇਸ ਨਾਲੇ ਦੇ ਪਾਣੀ ਵਿੱਚੋਂ ਬਹੁਤ ਜਿਆਦਾ ਗੰਦੀ ਬਦਬੂ ਆਉਂਦੀ ਰਹਿੰਦੀ ਹੈ। ਜਿਸ ਕਰਕੇ ਪਿੰਡ ਵਾਸੀਆਂ ਨੂੰ ਰੋਟੀ ਖਾਣਾ ਵੀ ਮੁਸ਼ਕਿਲ ਹੋ ਗਿਆ ਹੈ। ਜੇਕਰ ਜਲਦੀ ਹੀ ਪਿੰਡ ਪਥਰਾਲਾ ਦੇ ਵਾਸੀਆਂ ਨੂੰ ਇਸ ਗੰਭੀਰ ਸਮੱਸਿਆਂ ਤੋਂ ਛੁਟਕਾਰਾ ਨਾ ਦਿਵਾਇਆ ਗਿਆ ਤਾਂ ਉਹ ਦਿਨ ਵੀ ਦੂਰ ਨਹੀਂ ਜਦੋਂ ਉਹ ਭਿਆਨਕ ਬਿਮਾਰੀਆਂ ਦਾ ਸ਼ਿਕਾਰ ਹੋ ਜਾਣਗੇ। ਸਰਕਾਰ ਨੂੰ ਪਿੰਡ ਵਾਸੀਆਂ ਦੀ ਇਸ ਸਮੱਸਿਆਂ ਨੂੰ ਪਹਿਲ ਦੇ ਆਧਾਰ ਤੇ ਹੱਲ ਕਰਨਾ ਚਾਹੀਦਾ ਹੈ।

ਅੰਗਰੇਜ ਸਿੰਘ ਵਿੱਕੀ,
ਪਿੰਡ ਤੇ ਡਾਕ. ਕੋਟਗੁਰੂ (ਬਠਿੰਡਾ),
ਮੋਬਾਇਲ 98888 70822,

"इक्वालिटी एंड जस्टिस
" पटियाला 28 नवंबर
INTERNATIONAL PAPER, 9463601616
hardipchumber57@gmail.com

# हमारी आजादी की लड़ाई बाकी है- बाबा साहब

**बाबा साहेब कहते हैं**

**1935 के अधिनियमन लागू होने के बाद, भारतीय राष्ट्रीय कांग्रेस पार्टी ने 1937 में भारत के आधे राज्यों में सरकारें बनाईं और चतरवर्न के हिंदू लोगों ने 7 राज्यों के ब्राह्मण मुख्यमंत्री बनाए और मंत्री, विधायक और सांसद आदि भी बने। अब शासन, प्रशासन भारत चतरवर्न के लोगों के हाथों में था, फिर भी ये लोग खुद को अंग्रेजों का गुलाम मानते थे। 1947 में सत्ता परिवर्तन के बाद, अनुसूचित वर्ग के लोगें को लगभग वैसे ही समान अधिकार मिले जैसे कि ब्रिटिश शासन के दौरान चतरवर्न के हिंदुओं को थे। वर्तमान में अनुसूचित जाति के लोग मुख्यमंत्री, मंत्री, विधायक, सांसद बनते हैं, लेकिन वे अनुसूचित वर्ग के समाज के लोगों के समानता के अधिकारों को सुनिश्चित करवाने के लिए कुछ नहीं कर पा रहे।**

## डॉ. बी. आर. अंबेडकर का अध्यक्षीय भाषण, अखिल भारतीय दलित वर्ग सम्मेलन, नागपुर, 8 अगस्त, 1930

IV. दलित वर्ग और साइमन आयोगः



16. मैंने कई सारे रक्षोपायों की ओर आपका ध्यान आकर्षित किया जिनको मैं आपके लिए स्वशासित भारत में अत्यावश्यक मानता हूँ। साइमन आयोग ने हमारे संबंध में अनुमोदन किये हैं, अब मैं उन पर चर्चा करूंगा। निस्संदेह साइमन आयोग ने दलित वर्ग के संवैधानिक संरक्षण के लिए सहानुभूतिपूर्वक विचार किया है। आयोग ने दलित वर्ग की दशा के सही चित्रण का प्रयास किया है परन्तु यहां दशा चित्रण किसी भी प्रकार पूर्ण चित्रण नहीं है। उन्होंने विद्यालय व कुएं की समस्या के बारे में लिखा है। इन अभागी जातियों की शिकायतों की लम्बी सूची में से यह एक छोटा अंशमात्र है। फिर भी यह कहा जा सकता है कि दलित वर्ग के संरक्षण के लिए साइमन आयोग द्वारा सुझाये गये संवैधानिक संरक्षण प्रावधान व आवश्यकता को साइमन ने मोन्टफोर्ड रिपोर्ट से कहीं अच्छे से समझा है । परन्तु मैं बड़े खेद से यह कहना चाहता हूँ कि हमारे प्रतिनिधित्व के लिए सुझाया ढंग तथा हमारा प्रतिनिधित्व कितना हो; इसके अनुमोदन के विषय पर साइमन ने हमें बहुत ही निराश किया है।

17. जैसा आपको विदित है कि वर्तमान में दलित वर्ग के प्रतिनिधि मनोनीत किए जाते हैं। हममें से वे जो दुर्भाग्यवश मनोनयन द्वारा आपके प्रतिनिधि बने इस मनोनीत प्रणाली के दुष्परिणामों से आपको अवगत करायेंगे। मुझे यह कहते प्रसन्नता हो रही है कि पूरे भारत से साइमन आयोग के सामने साक्ष्य प्रस्तुत करते हुए इस प्रणाली की व्यापक भर्त्सना की गई। इस प्रणाली के अंतर्गत हमारे लोगों को अपनी पंसद के तथा योग्य प्रतिनिधि चुनने के अधिकार से वंचित रखा जाता है यह उनकी स्वतंत्रता का हनन है। इसी प्रकार हमारे मनोनीत प्रतिनिधियों को कार्य करने में कोई स्वतंत्रता नहीं है। यह खेद की बात है कि साइमन आयोग ने इतने पर भी इस दुष्टतम प्रणाली को नहीं त्यागा है। इसी प्रणाली से चिपके रहकर यह सिफारिश की है कि दलित वर्ग से चुनाव के लिए उचित उम्मीदवार न मिलने की परिस्थिति में राज्यपाल को दलित वर्ग का प्रतिनिधि मनोनीत करने का अधिकार होगा। इतना ही नहीं, साइमन आयोग ने एक बहुत ही अवांछनीय सिफारिश की है कि विधायिकाओं में राज्यपाल दलित वर्ग के प्रतिनिधित्व के लिए किसी भी गैरदलित को मनोनीत कर सकेगा। परन्तु ये सब तो सुरक्षित निर्णय होंगे और इन पर ज्यादा मात्था-पच्ची करने की जरूरत नहीं। मेरे विचार से आम प्रस्ताव भी उतना ही अमान्य है। इसके अंतर्गत दलित वर्ग के प्रतिनिधि संयुक्त निवार्चन समूह के आधार पर आरक्षित स्थान से निर्वाचन पद्धति से चुने जाएगें। अगर इस सिफारिश में इसके अतिरिक्त कुछ और न होता तो हमारी वर्तमान स्थिति से हमारा विकास होता। परन्तु इसमें एक शर्त लगा दी है कि दलित वर्ग का कोई भी सदस्य उम्मीदवार तभी बनेगा जब उस राज्य का राज्यपाल उसकी योग्यता प्रमाणित करे अन्यथा नहीं । हमें यह प्रणाली तथा नई सुझाई प्रणाली इसलिए मान्य नहीं है क्योंकि वर्तमान प्रणाली व नई सुझाई प्रणाली में बहुत ही समानता है कि उनमें से चुनने लायक कुछ भी नहीं और ऐसी स्थिति में जब किसी निर्वाचन क्षेत्र से राज्यपाल महोदय केवल प्रत्याशी को प्रमाणित करेंगे तो यह एक विशुद्ध मनोनीत किया हुआ प्रतिनिधि ही तो होगा न कि कुछ और। इसके बारे में कोई भी विस्तृत जानकारी नहीं है कि प्रमाणित करने की प्रणाली कैसे काम करेगी तथा इसके लिये क्या-क्या प्रस्तुत करने को कहा जाएगा। इस आयोग ने सुझाव दिया है कि राज्यपाल या तो दलित वर्ग संगठनों से इस सम्बन्ध में मंत्रणा कर सकते हैं, अन्यथा जो उन्हें उचित लगे। इन दोनों ही विधियाँ हमें अस्वीकार्य हैं। अगर संगठनों से चर्चा की विधि का पालन होता है तो नकली संगठनों की भरमार हो जाएगी तथा केवल अपने पिछलग्गू प्रत्याषी को आगे बढ़ाना ही उनका ध्येय रहेगा। चाहे वह प्रत्याशी सामान्य जनता को कतई स्वीकार न हो और अगर अन्यथा वाली कार्यवाही प्रयोग में लाई जाती है तो जल्द ही प्रणाली बिगड़ने का डर है तथा प्रामाणिक शक्ति मामलातदार व तहसीलदार जैसों के हाथों में फंसकर बाबूगीरी के हाथों की दासी बनकर रह जाएगी क्योंकि राज्यपाल को उनकी रिपोर्ट के आधार पर ही समझ से निर्णय लेना होगा। आप इस बात से भली भांति परिचित हैं कि ये मामलातदार व तहसीलदार किस श्रेणी के अधिकारी हैं तथा इनका दलित वर्ग व बुद्धिजीवी लोगों के प्रति कितना विकृत दृष्टिकोण है। इसलिए, आप कल्पना कर सकते हैं कि ये किस प्रकार के लोगों को प्रमाणित करने की सिफारिश करेंगे।

18. मैं आयोग के इस तर्क से सहमत नहीं हो सकता कि दलित वर्ग के प्रतिनिधियों के मामले में प्रमाणन की कोई विशेष आवश्यकता है। अगर इस नियम का उद्देश्य केवल अयोग्य लोगों को विधायिकाओं से दूर रखना है तो मेरा कथन है कि ऐसे और भी बहुत हैं जिनके लिए प्रमाणित करने की व्यवस्था आवश्यक होनी चाहिए। यदि अयोग्यता का अर्थ अंग्रेजी का ज्ञान न होना तथा अंग्रेजी में भाषण न दे पाना है तो मुझे मुम्बई विधान परिषद से ऐसे कई गैर ब्राह्मणों व बहुसंख्या में सिंध के मुसलमानों के बारे में जानकारी है जो सदस्य होते हुए भी अंग्रेजी से अनभिज्ञ हैं। उन्होंने न कभी कोई प्रश्न पूछा और न ही भाषण दिया है। मैं यह कहने का साहस रखता हूं कि हमारे दलित वर्ग के प्रतिनिधि भी अपने-अपने विधान परिषदों से ऐसे कई नाम स्मरण कर सकते हैं। अगर उनके लिए प्रमाण पत्र की आवश्यकता नहीं होती तो मैं यह समझने में असमर्थ हूँ कि केवल दलित वर्ग के प्रतिनिधियों के लिए ही यह क्यों आवश्यक है ? इसलिए हमें इस सुझाई प्रणाली को सिरे से ही नकारना है और हम स्वेच्छा से अपनी पंसद से, बिना किसी बाधा या बिना शर्त अपने प्रतिनिधि चुनने का अधिकार मांगते हैं। हमें अपने हितों की अच्छी समझ है और हमे यह निर्णय लेने का अधिकार है कि हमारे लिए क्या अच्छा है और अपना यह अधिकार हम राज्यपाल को कतई नहीं दे सकते।

19. मुझे नहीं मालूम की साइमन आयोग द्वारा विरचित केन्द्रीय विधानमंडल के गठन की इस स्कीम के बारे आप क्या सोचते हैं। वर्तमान में, विधान परिषद तथा विधान सभा के सदस्य बनने के लिए प्रत्यक्ष निर्वाचन का चलन है । साइमन आयोग ने सिफारिश की है कि राज्य की विधायिकाओं का गठन पहले की तरह प्रत्यक्ष निर्वाचन से ही बना रहना चाहिए परन्तु विधान परिषद के गठन के लिए विधान सभाओं के लिए निर्वाचित सदस्यों द्वारा परोक्ष निर्वाचन से अनुपाती प्रतिनिधित्व प्रणाली के अंतर्गत नियमित हो। मैं परोक्ष निर्वाचन प्रणाली का समर्थक नहीं हूँ तथा मैंने बम्बई राज्य साइमन समिति के सदस्य होने के नाते विरोध जताया था तथा घोर आपत्ति जताते हुए भर्त्सना की थी। परन्तु साइमन आयोग ने जिस तरह से इसे पेश किया है। इसमें सुविधा / असुविधा दोनों है। प्रथमतः इससे अल्पसंख्यक समुदायों के प्रतिनिधियों के चुनाव के लिए संयुक्त व पृथक निर्वाचन मंडलों की आवश्यकता अपने से ही हट जाती है। दूसरे, इससे एक विधान सभा व दूसरी विधान परिषद के लिए अलग-अलग मतदाता सूचियाँ बनाने व रखने से संबंधित दोषों से मुक्ति मिल जाती है। तीसरे, इससे सभा का प्रबन्धन आसान होगा। अब अवगुणों के सम्बन्ध में कहना उचित होगा कि इस प्रणाली से लोगों तथा सरकार के रिश्ते के बंधन पर कमज़ोर होने का प्रभाव पड़ेगा और मैं विश्वास से कह सकता हूँ कि देश के उत्थान से जुड़ी बातों का जनता की दृष्टि से ओझल रखने का प्रभाव राष्ट्रीय एकता की भावना की गति में भी अवरोध उत्पन्न करेगा। परन्तु साइमन आयोग की प्रस्तावित प्रणाली के प्रभावों में परिणामों या दुष्परिणामों में से चाहे कोई भी पलड़ा भारी हो, यह प्रणाली केन्द्रीय विधायिका गठन में लागू होगी ही प्रश्न केवल यह है कि यह प्रणाली कहाँ के लिए ज्यादा उपयुक्त होगी विधान सभा या राज्य सभा के लिए? यह तो जग जाहिर है कि दोनों में तो यह लागू हो ही नहीं सकती क्योंकि परोक्ष निर्वाचन की सबसे बड़ी कमी / कमज़ोरी ही यह है कि "काठ की हंडिया " की तरह एक बार प्रयोग में ही समाप्त हो जाती है। निणार्यक केवल एक बार ही मतदाता से दूरी बनाते हुए प्रतिनिधि चुनाव में सत्यता दर्शा सकता है। अगर मतदाता से दूसरी बार निर्मित दूरी रखते हुए निर्वाचक प्रतिनिधि मनोनीत करें तो सत्यता तथा विश्वसनीयता दोनों नष्ट हो जाती हैं। इसका अर्थ यह हुआ कि अगर देश विधान सभा तथा राज्य सभा दोनों सदनों को रखने का निर्णय लेता है और हम लोक सभा तथा विधायिकाओं में यह प्रणाली प्रयोग में लाते हैं तो राज्य सभा निर्वाचन में हमारे पास स्रोत नहीं बचेंगे। अभी तो राज्य परिषद एक बुरी विसंगति है और अगर विधि रचना में इसे अपना दायित्व निभाना है तो भारत सरकार में इसे इसके वर्तमान स्वरूप में रहने नहीं दिया जा सकता। अगर मैं अपनी सोच में सही हूँ तो विधान परिषद के चुनाव प्रत्यक्ष प्रणाली के तहत तथा परोक्ष प्रणाली के तहत राज्य परिषद का निर्वाचन करना सर्वोत्तम उपाय लगते हैं। केंद्रीय परिषद के गठन के लिए अंततः किस आधार पर कौन सा उपाय चुना जाता है। दलित वर्ग के प्रतिनिधित्व चुनने के लिए परोक्ष चुनाव ही सबसे आसान प्रक्रिया है चाहे वो किसी भी सदन के लिए हो। इस परिणाम पर हमें कोई भी विलाप नहीं करना। क्योंकि पहले से ही चल रही मनोनयन व्यवस्था की तुलना में इससे पर्याप्त सुधार होगा।

20. प्रांतीय परिषद जो अभी गठित हैं, में दलित वर्ग का प्रतिनिधित्व बहुत कम है। 1919 की साउथ बोरो समिति ने इस विषय में दलितों के साथ बड़ा अन्याय किया और भारत सरकार ने भी इस दयनीय निर्धारित अंश में वृद्धि करने की सिफारिश की थी। पर यह अन्याय की स्थिति वैसी की वैसी ही बनी रही।

सन् 1923 की मुद्दीमन समिति ने इस बारे में टिप्पणी की कि परिषदों में दलित वर्ग का प्रतिनिधित्व बिल्कुल नाममात्र ही है और सुझाव दिया कि बड़े पैमाने पर इसमें बढ़ोतरी की जानी चाहिए। परन्तु कहीं कहीं कोई एक या दो प्रतिनिधि और जोड़ने के अतिरिक्त शिकायत दूर करने के लिए कोई कदम नहीं उठाये गये। दलित वर्ग की कमजोर स्थिति के कारण उन्हें सरकारी दफ्तरों से सहारा लेने को कहा गया। अनुभव ने हमें सिखाया है कि सरकारी कर्मचारी हमारे या किसी के भी साथी नहीं है बल्कि यह तो अपने आप के ही मित्र हैं और उनकी दोस्ती उनके स्वार्थ साधन से ही जुड़ी होती है। मुझे यह कहते हुए खेद हो रहा है कि गत दस वर्षों में सरकारी कर्मचारियों ने जितना दलित वर्ग को दिया है उससे कहीं ज्यादा इन्होंने पाया है। जैसा भी हो, अब दलित वर्ग को यह संदेहपूर्ण लाभ भविष्य में भारत के संविधान के अंतर्गत सरकारी कर्मचारी से मिलने वाला नहीं है तो क्या यह न्यायसंगत नहीं होगा कि दलित वर्ग को पर्याप्त प्रतिनिधित्व दिया जाये जैसा कि हर अल्पसंख्यक वर्ग को दिया जा रहा है? साइमन आयोग राज्य सभाओं में दलित वर्ग को कितना प्रतिनिधित्व देने को राजी है? उन्होंने कहा है कि, "दलित वर्ग आरक्षित स्थानों का भारत की सामान्य वर्ग के अन्तर्गत कुल स्थानों का अनुपात दलित वर्ग की जनसंख्या तथा निर्वाचन क्षेत्र की कुल जनसंख्या के अनुपात का तीन चौथाई यानि 75 प्रतिशत होगा" । अब साइमन आयोग ने भारत के अल्पसंख्यकों को क्या दिया, इसका अवलोकन करें।

कांग्रेस के कड़े विरोध को अनदेखा करते हुए मुसलमान अल्पसंख्यकों को लखनऊ समझौते के अंतर्गत उन्हें प्राप्त अपनी जनसंख्या के अनुपात से कहीं अधिक प्रतिनिधित्व की आज्ञा को वैसी की वैसी बना रहने दिया गया। भारतीय ईसाई, आंगल भारतीयों व यूरोपियनों को आयोग ने उनकी जनसंख्या के अनुपात से कहीं अधिक अधिमानी सुविधा दी है। क्या यह एक कलंकपूर्ण अपवाद नहीं है? क्या बाधाओं से घिरे इस समाज के प्रति दयाभाव दिखाना तो दूर वे न्यायोचित भाग पाने के हकदार भी नहीं हैं? यहां तक कि भारतीय केन्द्रीय समिति ने भी दलित वर्ग को उनकी जनसंख्या के अनुपात से प्रतिनिधित्व देने की सिफारिश की है और अगर यह स्वीकार कर लिया जाता है तो हमें कम से कम हर अल्पसंख्यक के बराबर तो मिलेगा।

